Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue -03 | Wednesday, January 05, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਕੰਕਰੀਟ ਦਾ ਘੋਲ ਗੱਡੀ ਉੱਤੇ ਪੈਣ ਨਾਲ ਇੱਕ ਵਿਅਕਤੀ ਜ਼ਖ਼ਮੀ

ਟੋਰਾਂਟੋ, 4 ਜਨਵਰੀ (ਪੋਸਟ ਬਿਊਰੋ) : ਯੌਰਕਵਿੱਲ ਵਿੱਚ ਇੱਕ ਕੰਸਟ੍ਰਕਸ਼ਨ ਸਾਈਟ ਉੱਤੇ ਕੰਕਰੀਟ ਦੇ ਗੱਡੀ ਉੱਤੇ ਡਿੱਗਣ ਨਾਲ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਟਰੌਮਾ ਸੈਂਟਰ ਲਿਜਾਇਆ ਗਿਆ। ਇਹ ਘਟਨਾ ਮੰਗਲਵਾਰ ਸ਼ਾਮ ਨੂੰ ਯੰਗ ਤੇ ਕੰਬਰਲੈਂਡ ਸਟਰੀਟਸ ਉੱਤੇ ਵਾਪਰੀ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਹਾਲਤ ਵਿੱਚ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਸਨ। ਘਟਨਾ ਵਾਲੀ ਥਾਂ ਤੋਂ ਲਈਆਂ ਗਈਆਂ ਤਸਵੀਰਾਂ ਵਿੱਚ ਨਜ਼ਰ ਆਉਂਦਾ ਹੈ ਕਿ ਗੱਡੀ ਉੱਤੇ ਕੰਕਰੀਟ ਵਾਲਾ ਘੋਲ ਪੈ ਗਿਆ ਤੇ ਕਾਰ ਦੇ ਸਾਹਮਣੇ ਵਾਲੇ ਹੁੱਡ ਉੱਤੇ ਚਿੱਬ ਵੀ ਪੈ ਗਿਆ। ਪਿਛਲੀ ਵਿੰਡਸ਼ੀਲਡ ਵੀ ਬੁਰੀ ਤਰ੍ਹਾਂ ਟੁੱਟੀ ਨਜ਼ਰ ਆ ਰਹੀ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਲੇਬਰ ਮੰਤਰਾਲੇ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਫਰਸਟ ਨੇਸ਼ਨ ਦੇ ਬੱਚਿਆਂ ਤੇ ਪਰਿਵਾਰਾਂ ਨੂੰ ਫੈਡਰਲ ਸਰਕਾਰ ਦੇਵੇਗੀ 40 ਬਿਲੀਅਨ ਡਾਲਰ ਦਾ ਮੁਆਵਜ਼ਾ



ਓਟਵਾ, 4 ਜਨਵਰੀ (ਪੋਸਟ ਬਿਊਰੋ) : ਫੰਡਾਂ ਤੋਂ ਸੱਖਣੇ ਚਾਈਲਡ ਵੈੱਲਫੇਅਰ ਸਿਸਟਮ ਕਾਰਨ ਪਰੇਸ਼ਾਨ ਫਰਸਟ ਨੇਸ਼ਨਜ਼ ਚਿਲਡਰਨ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਫੈਡਰਲ ਸਰਕਾਰ ਵੱਲੋਂ 40 ਬਿਲੀਅਨ ਡਾਲਰ ਜਾਰੀ ਕੀਤੇ ਜਾਣਗੇ।

ਕੈਨੇਡਾ ਦੇ ਇਤਿਹਾਸ ਦੇ ਸਭ ਤੋਂ ਲੰਮੇਂ ਕਲਾਸ ਐਕਸ਼ਨ ਲਾਅਸੂਟ ਦੇ ਫੈਸਲੇ ਅਨੁਸਾਰ ਓਟਵਾ ਨੂੰ 20 ਬਿਲੀਅਨ ਡਾਲਰ ਰਿਜ਼ਰਵ ਤੇ ਯੂਕੌਨ ਦੇ ਉਨ੍ਹਾਂ ਬੱਚਿਆਂ ਨੂੰ ਦੇਣਾ ਹੋਵੇਗਾ ਜਿਨ੍ਹਾਂ ਨੂੰ ਪਹਿਲੀ ਅਪਰੈਲ, 1991 ਤੇ 31 ਮਾਰਚ, 2022 ਦਰਮਿਆਨ ਅਜਾਂਈ ਆਪਣੇ ਘਰਾਂ ਤੋਂ ਪਾਸੇ ਕਰ ਦਿੱਤਾ ਗਿਆ ਸੀ। ਇਹ ਮੁਆਵਜ਼ਾ ਉਨ੍ਹਾਂ ਨੂੰ ਵੀ ਦਿੱਤਾ ਜਾਵੇਗਾ ਜਿਹੜੇ 12 ਦਸੰਬਰ, 2007 ਤੇ 2 ਨਵੰਬਰ 2017 ਦਰਮਿਆਨ ਜੌਰਡਨ ਪ੍ਰਿੰਸੀਪਲ ਦੀ ਸੌੜੀ ਵਿਆਖਿਆ ਦੀ ਬਲੀ ਚੜ੍ਹੇ। ਜਿਨ੍ਹਾਂ ਬੱਚਿਆਂ ਨੂੰ ਪਹਿਲੀ ਅਪਰੈਲ 1991 ਤੇ 11 ਦਸੰਬਰ 2007 ਦਰਮਿਆਨ ਜ਼ਰੂਰੀ ਪਬਲਿਕ ਸੇਵਾਵਾਂ ਨਹੀਂ ਮਿਲੀਆਂ ਉਹ ਵੀ ਇਸ ਮੁਆਵਜ਼ੇ ਦੇ ਯੋਗ ਹੋਣਗੇ।

ਇਸ ਫੰਡਿੰਗ ਦਾ ਦੂਜਾ ਹਿੱਸਾ ਅਗਲੇ ਪੰਜਾਂ ਸਾਲਾਂ ਵਿੱਚ ਫਰਸਟ ਨੇਸ਼ਨਜ਼ ਚਾਈਲਡ ਤੇ ਫੈਮਿਲੀ ਸਰਵਿਸਿਜ਼ ਪ੍ਰੋਗਰਾਮ ਦੇ ਸੁਧਾਰ ਲਈ ਦਿੱਤਾ ਜਾਵੇਗਾ। 20 ਬਿਲੀਅਨ ਡਾਲਰ ਦੇ ਲੱਗਭਗ ਉਨ੍ਹਾਂ ਫਰਸਟ ਨੇਸ਼ਨਜ਼ ਬਾਲਗਾਂ ਲਈ ਖਰਚ ਕੀਤਾ ਜਾਵੇਗਾ ਜਿਹੜੇ ਚਾਈਲਡ ਵੈੱਲਫੇਅਰ ਸਿਸਟਮ ਤੋਂ ਬਾਹਰ ਹੋ ਰਹੇ ਹਨ। ਇਸ ਉੱਤੇ ਅਪਰੈਲ 2022 ਤੋਂ ਕੰਮ ਸ਼ੁਰੂ ਹੋ ਜਾਵੇਗਾ। ਇਹ ਫੈਸਲਾ ਫੈਡਰਲ ਕੋਰਟ ਤੇ ਕੈਨੇਡੀਅਨ ਹਿਊਮਨ ਰਾਈਟਸ ਟ੍ਰਿਬਿਊਨਲ ( ਸੀ ਐਚ ਆਰ ਟੀ ) ਵੱਲੋਂ ਦਿੱਤਾ ਗਿਆ ਹੈ, ਦੋਵਾਂ ਦਾ ਮੰਨਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਫਰਸਟ ਨੇਸ਼ਨਜ਼ ਦੇ ਬੱਚਿਆਂ ਨਾਲ ਵਿਤਕਰਾ ਕੀਤਾ ਗਿਆ।

ਇੱਕ ਪ੍ਰੈੱਸ ਕਾਨਫਰੰਸ ਵਿੱਚ ਇੰਡੀਜੀਨਸ ਸਰਵਿਸਿਜ਼ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਇਹ ਮੁਆਵਜ਼ਾ ਉਨ੍ਹਾਂ ਪਰਿਵਾਰਾਂ ਲਈ ਹੈ ਜਿਨ੍ਹਾਂ ਨੂੰ ਰੋਜ਼ਾਨਾ ਤੰਗੀਆਂ ਤੁਰਸ਼ੀਆਂ ਤੇ ਤਕਲੀਫਾਂ ਨਾਲ ਰਹਿਣਾ ਪਿਆ।

## ਖਤਰਨਾਕ ਹਾਲਾਤ ਨਾਲ ਸਿੱਝਣ ਲਈ ਟੋਰਾਂਟੋ ਕਰ ਰਿਹਾ ਹੈ ਪੂਰੀ ਤਿਆਰੀ




ਟੋਰਾਂਟੋ, 4 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਦੇ ਅਧਿਕਾਰੀਆਂ ਅਨੁਸਾਰ ਓਮਾਈਕ੍ਰੌਨ ਦੇ ਮਾਮਲੇ ਅਜੇ ਚਾਰ ਤੋਂ ਛੇ ਹਫਤਿਆਂ ਤੱਕ ਆਪਣੇ ਸਿਖਰ ਉੱਤੇ ਪੁੱਜਣ ਦਾ ਖਦਸ਼ਾ ਹੈ। ਪਰ ਅਧਿਕਾਰੀਆਂ ਨੂੰ ਡਰ ਹੈ ਕਿ ਇਸ ਦਰਮਿਆਨ ਸਟਾਫ ਦੀ ਘਾਟ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ।

ਟੋਰਾਂਟੋ ਦੇ ਮੇਅਰ ਜੌਹਨ ਟੋਰੀ ਤੇ ਚੀਫ ਮੈਡੀਕਲ ਆਫੀਸਰ ਡਾ. ਐਲੀਨ ਡੀ ਵਿੱਲਾ ਵੱਲੋਂ ਮੰਗਲਵਾਰ ਨੂੰ ਸਾਲ 2022 ਦੀ ਪਹਿਲੀ ਕੋਵਿਡ-19 ਅਪਡੇਟ ਦਿੱਤੀ ਗਈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਸਾਨੂੰ ਇਸ ਵੇਰੀਐਂਟ ਤੋਂ ਇਸ ਲਈ ਵੀ ਸੰਭਲਣ ਦੀ ਲੋੜ ਹੈ ਕਿਉਂਕਿ ਇਹ ਤੇਜ਼ੀ ਨਾਲ ਫੈਲਦਾ ਹੈ। ਡੀ ਵਿੱਲਾ ਨੇ ਆਖਿਆ ਕਿ ਘੱਟੋ ਘੱਟ ਚਾਰ ਹਫਤਿਆਂ ਤੱਕ ਇਸ ਦੇ ਸਿਖਰ ਉੱਤੇ ਪਹੁੰਚਣ ਦੀ ਸੰਭਾਵਨਾ ਹੈ ਤੇ ਇਸ ਦਾ ਅਸਰ ਸਿਟੀ ਦੀਆਂ ਕੁੱਝ ਸੇਵਾਵਾਂ ਉੱਤੇ ਜ਼ਰੂਰ ਪਵੇਗਾ।

ਉਨ੍ਹਾਂ ਆਖਿਆ ਕਿ ਅਸੀਂ ਸਮਝ ਸਕਦੇ ਹਾਂ ਕਿ ਬਿਮਾਰ ਹੋਣ ਕਾਰਨ ਕਈ ਲੋਕ ਕੰਮ ਉੱਤੇ ਨਹੀਂ ਆ ਸਕਣਗੇ ਜਿਸ ਕਾਰਨ ਉਨ੍ਹਾਂ ਜ਼ਰੂਰੀ ਸੇਵਾਵਾਂ ਉੱਤੇ ਅਸਰ ਪਵੇਗਾ ਜਿਨ੍ਹਾਂ ਉੱਤੇ ਟੋਰਾਂਟੋ ਵਾਸੀ ਰੋਜ਼ਾਨਾ ਨਿਰਭਰ ਕਰਦੇ ਹਨ, ਜਿਵੇਂ ਕਿ ਪੈਰਾਮੈਡਿਕਸ, ਫਾਇਰ ਤੇ ਵਾਟਰ ਟਰੀਟਮੈਂਟ। ਉਨ੍ਹਾਂ ਆਖਿਆ ਕਿ ਸਿਟੀ ਸਭ ਤੋਂ ਖਤਰਨਾਕ ਹਾਲਾਤ ਲਈ ਤਿਆਰੀ ਕਰ ਰਹੀ ਹੈ ਜਿੱਥੇ ਕੋਵਿਡ-19 ਐਕਸਪੋਜ਼ਰ ਕਾਰਨ 60 ਫੀ ਸਦੀ ਫਰੰਟਲਾਈਨ ਸਟਾਫ ਨੂੰ ਆਈਸੋਲੇਟ ਕਰਨਾ ਪੈ ਸਕਦਾ ਹੈ।

ਅਜਿਹੀ ਸਥਿਤੀ ਨਾਲ ਨਜਿੱਠਣ ਲਈ ਸਿਟੀ ਨੇ ਹੋਰਨਾਂ ਡਿਪਾਰਟਮੈਂਟਸ ਤੋਂ 1000 ਵਰਕਰਜ਼ ਦਾ ਇੱਕ ਪੂਲ ਤਿਆਰ ਕੀਤਾ ਹੈ ਜਿਨ੍ਹਾਂ ਨੂੰ ਲੋੜ ਪੈਣ ਉੱਤੇ ਫਰੰਟ ਲਾਈਨ ਵਰਕਰਜ਼ ਦੀ ਥਾਂ ਉੱਤੇ ਤਾਇਨਾਤ ਕੀਤਾ ਜਾ ਸਕਦਾ ਹੈ। ਇਸ ਵਿਸ਼ੇਸ਼ ਪੂਲ ਦੇ ਸਟਾਫ ਨੂੰ ਸਿਟੀ ਵੱਲੋਂ ਚਲਾਏ ਜਾਣ ਵਾਲੇ ਵੈਕਸੀਨੇਸ਼ਨ ਕਲੀਨਿਕਸ, ਸ਼ੈਲਟਰਜ਼ ਤੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਮਦਦ ਲਈ ਲਾਇਆ ਜਾ ਸਕੇਗਾ।

## ਰਿਚਮੰਡ ਹਿੱਲ ਵਿੱਚ ਮਿਲੀ ਲਾਸ਼, ਪੁਲਿਸ ਕਰ ਰਹੀ ਹੈ ਜਾਂਚ



ਓਨਟਾਰੀਓ, 4 ਜਨਵਰੀ (ਪੋਸਟ ਬਿਊਰੋ) : ਰਿਚਮੰਡ ਹਿੱਲ ਵਿੱਚ ਇੱਕ ਲਾਸ਼ ਮਿਲਣ ਤੋਂ ਬਾਅਦ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਯੌਰਕ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਨਵੇਂ ਸਾਲ ਤੋਂ ਇੱਕ ਦਿਨ ਪਹਿਲਾਂ ਰਿਚਮੰਡ ਹਿੱਲ ਵਿੱਚ ਇੱਕ ਲਾਸ਼ ਮਿਲੀ ਤੇ ਇਸ ਮਾਮਲੇ ਦੀ ਜਾਂਚ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਹ ਲਾਸ਼ 31 ਦਸੰਬਰ ਨੂੰ ਦੁਪਹਿਰੇ 12:40 ਉੱਤੇ ਮਿਲੀ। ਲਾਸ਼ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਸਟੱਫਵਿੱਲ ਰੋਡ ਤੇ ਹਾਈਵੇਅ 404 ਨੇੜੇ ਗੌਰਮਲੇ ਕੋਰਟ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਪੋਸਟ ਮਾਰਟਮ ਤੋਂ ਪਤਾ ਚੱਲਿਆ ਕਿ ਇਸ ਵਿਅਕਤੀ ਦੀ ਮੌਤ ਗੋਲੀ ਲੱਗਣ ਕਾਰਨ ਹੋਈ। ਪੁਲਿਸ ਵੱਲੋਂ ਮ੍ਰਿਤਕ ਦੀ ਪਛਾਣ ਵਿੱਚਚਰਚ-ਸਟਫਵਿੱਲ ਦੇ 35 ਸਾਲਾ ਵਾਲਿਦ ਸਰਾਜ ਵਜੋਂ ਹੋਈ। ਜਾਂਚਕਾਰਾਂ ਨੇ ਦੱਸਿਆ ਕਿ ਹੁਣ ਉਹ ਸਰਾਜ ਦੀਆਂ 27 ਦਸੰਬਰ ਤੇ 31 ਦਸੰਬਰ ਦਰਮਿਆਨ ਵਾਲੀਆਂ ਗਤੀਵਿਧੀਆਂ ਟਰੈਕ ਕਰੇਗੀ।

## ਓਨਟਾਰੀਓ ਵਿੱਚ ਲਗਾਤਾਰ ਵੱਧ ਰਹੇ ਹਨ ਕੋਵਿਡ-19 ਦੇ ਮਾਮਲੇ




ਓਨਟਾਰੀਓ, 4 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲੇ ਰੁਕਣ ਦਾ ਨਾਂ ਹੀ ਨਹੀਂ ਲੈ ਰਹੇ ਤੇ ਹਸਪਤਾਲਾਂ ਵਿੱਚ ਕੋਵਿਡ ਮਰੀਜ਼ਾਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ। ਓਨਟਾਰੀਓ ਸਿਹਤ ਅਧਿਕਾਰੀਆਂ ਵੱਲੋਂ ਮੰਗਲਵਾਰ ਨੂੰ ਕੋਵਿਡ-19 ਦੇ 11,352 ਮਾਮਲੇ ਦਰਜ ਕੀਤੇ ਗਏ।

ਇਸ ਤੋਂ ਪਹਿਲਾਂ ਸ਼ਨਿੱਚਰਵਾਰ ਨੂੰ ਰਿਕਾਰਡ ਹਾਈ 18,445 ਮਾਮਲੇ, ਐਤਵਾਰ ਨੂੰ 16,714 ਮਾਮਲੇ ਤੇ ਸੋਮਵਾਰ ਨੂੰ 13,578 ਮਾਮਲੇ ਦਰਜ ਕੀਤੇ ਗਏ। ਪਿਛਲੇ ਹਫਤੇ ਕੋਵਿਡ-19 ਦੇ ਸਾਹਮਣੇ ਆਏ 8,318 ਮਾਮਲਿਆਂ ਤੋਂ ਬਾਅਦ ਇਸ ਹਫਤੇ ਇਹ ਗਿਣਤੀ 14,435 ਰਿਕਾਰਡ ਕੀਤੀ ਗਈ।

ਪਬਲਿਕ ਹੈਲਥ ਓਨਟਾਰੀਓ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਕੋਵਿਡ-19 ਕੇਸਾਂ ਦੀ ਇਹ ਗਿਣਤੀ ਅਸਲ ਗਿਣਤੀ ਤੋਂ ਘੱਟ ਹੈ ਕਿਉਂਕਿ ਪ੍ਰੋਵਿੰਸ ਵਿੱਚ ਟੈਸਟਿੰਗ ਸਰੋਤ ਘੱਟ ਹਨ। ਸਿਹਤ ਮੰਤਰਾਲੇ ਅਨੁਸਾਰ ਪਿਛਲੇ 24 ਘੰਟਿਆਂ ਵਿੱਚ 54,346 ਟੈਸਟ ਕੀਤੇ ਗਏ। ਪ੍ਰੋਵਿੰਸ ਦੀ ਪਾਜ਼ੀਟਿਵਿਟੀ ਦਰ 30•9 ਫੀ ਸਦੀ ਹੈ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਇਸ ਸਮੇਂ 1290 ਲੋਕ ਕੋਵਿਡ-19 ਕਾਰਨ ਹਸਪਤਾਲ ਵਿੱਚ ਦਾਖਲ ਹਨ ਤੇ 266 ਲੋਕ ਇੰਟੈਂਸਿਵ ਕੇਅਰ ਵਿੱਚ ਹਨ। ਇਹ ਦੋਵੇਂ ਮਾਮਲੇ ਇੱਕ ਦਿਨ ਪਹਿਲਾਂ ਨਾਲੋਂ ਜ਼ਿਆਦਾ ਹਨ।

## ਇਟੋਬੀਕੋ ਵਿੱਚ ਚੱਲੀ ਗੋਲੀ, ਦੋ ਹਲਾਕ, ਇੱਕ ਜ਼ਖ਼ਮੀ

ਓਨਟਾਰੀਓ, 4 ਜਨਵਰੀ (ਪੋਸਟ ਬਿਊਰੋ) : ਇਟੋਬੀਕੋ ਵਿੱਚ ਚੱਲੀ ਗੋਲੀ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਸੋਮਵਾਰ ਸ਼ਾਮ ਨੂੰ ਜਾਂਚਕਾਰਾਂ ਨੂੰ ਬ੍ਰਾਊਨਜ਼ ਲੇਨ ਦੇ ਨੇੜੇ ਹੌਰਨਰ ਐਵਨਿਊ ਤੇ ਥਰਟੀਅਥ ਸਟਰੀਟ ਏਰੀਆ ਉੱਤੇ ਗੋਲੀਆਂ ਚੱਲਣ ਦੀ ਜਾਣਕਾਰੀ ਦਿੱਤੀ ਗਈ। ਜਾਂਚਕਾਰਾਂ ਨੂੰ ਦੋ ਪੁਰਸ਼ ਤੇ ਇੱਕ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੇ। ਬਾਅਦ ਵਿੱਚ ਦੋਵਾਂ ਪੁਰਸ਼ਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮਹਿਲਾ ਦੀ ਜਾਨ ਨੂੰ ਕੋਈ ਖਤਰਾ ਨਹੀਂ ਦੱਸਿਆ ਗਿਆ। ਮਸ਼ਕੂਕਾਂ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪੁਲਿਸ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਆਪਣੇ ਹੱਥ ਲੈ ਲਈ ਗਈ ਹੈ ਤੇ ਸਥਾਨਕ ਵਾਸੀਆਂ ਨੂੰ ਅਹਿਤਿਆਤ ਵਰਤਣ ਲਈ ਆਖਿਆ ਗਿਆ ਹੈ।

Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate · Family Law · Business Closing · Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance · Mortgage Insurance · Life Insurance · Visitor & Travel Insurance · RESP(Education Plan) · Critical Illness Insurance
RANJIT GILL Insurance Advisor
416-724-5000

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


cupw • sttp
CANADIAN UNION OF POSTAL WORKERS
GIG WORKERS
UNITED
WE DESERVE
BETTER PAY
& WORKERS'
RIGHTS
JOIN GIG WORKERS UNITED!
GigWorkersUnited.ca
Text: JOIN to 647-499-2259
join@gigworkersunited.ca
@GigWorkersUnited @GigWorkersUnite
SCAN ME
CUPE·SCFP 1979

## ਅੱਜ ਨਾਮਾ >>

ਠੰਢ ਤਾਂ ਪਹਿਲਾਂ ਹੀ ਨਹੀਂ ਸੀ ਘੱਟ ਏਥੇ,
ਉੱਪਰੋਂ ਮੀਂਹ ਵੀ ਪਹੁੰਚਿਆ ਆਣ ਬੇਲੀ।
ਪਹੁੰਚ ਵਾਲਿਆਂ ਘਰਾਂ ਨੂੰ ਗਰਮ ਕਰਿਆ,
ਮਾੜੇ-ਧੀੜੇ ਫਿਰ ਕਿੱਧਰ ਨੂੰ ਜਾਣ ਬੇਲੀ।
ਭਖਦੀ ਗਰਮੀ ਤਾਂ ਭੁੱਜਦੇ ਲੋਕ ਇਹ ਹੀ,
ਔਕੜਾਂ ਵਿੱਚ ਉਹ ਵਕਤ ਲੰਘਾਣ ਬੇਲੀ।
ਆਉਂਦੀ ਠੰਢ ਤਾਂ ਭਾਲਦੇ ਓਟ ਇਹ ਹੀ,
ਹੁੰਦਾ ਇਨ੍ਹਾਂ ਦਾ ਰਹਿੰਦਾ ਈ ਘਾਣ ਬੇਲੀ।
ਸੁਣਿਆ ਜਾਂਦਾ ਦਿਆਲੂ ਹੈ ਰੱਬ ਬਾਹਲਾ,
ਕ੍ਰਿਪਾ ਇਨ੍ਹਾਂ ਦੀ ਚੱਬ ਗਿਆ ਕੌਣ ਬੇਲੀ।
ਭਰ ਕੇ ਪੇਟ ਨਾ ਮਿਲਦੀ ਹੈ ਕਦੀ ਰੋਟੀ,
ਮਿਲਦਾ ਕਦੀ ਨਾ ਚੈਨ ਨਾਲ ਸੌਣ ਬੇਲੀ।

**ਤੀਸ ਮਾਰ ਖਾਂ**

## ਯੂ ਪੀ ਐੱਸ ਸੀ ਵੱਲੋਂ ਪੰਜਾਬ ਪੁਲਸ ਦੇ ਮੁਖੀ ਬਾਰੇ ਚੰਨੀ ਸਰਕਾਰ ਦੇ ਵਿਰੁੱਧ ਫੈਸਲਾ

*** ਨਵਾਂ ਡੀ ਜੀ ਪੀ ਲਾਉਣ ਲਈ 3 ਨਾਵਾਂ ਦੀ ਸਿਫ਼ਾਰਿਸ਼**

ਨਵੀਂ ਦਿੱਲੀ, 4 ਜਨਵਰੀ, (ਪੋਸਟ ਬਿਊਰੋ)- ਜਦੋਂ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਪਾਰਾ ਵਧਿਆ ਪਿਆ ਹੈ ਤਾਂ ਐਨ ਉਸ ਵੇਲੇ ਪੰਜਾਬ ਪੁਲਸ ਦੇ ਨਵੇਂ ਮੁਖੀ(ਡੀ ਜੀ ਪੀ) ਦੀ ਨਿਯੁਕਤੀ ਵਾਸਤੇ ਚਰਚਾ ਚੱਲ ਪਈ ਹੈ।ਇਸ ਤੋਂ ਲੱਗਦਾ ਹੈ ਕਿ ਪੰਜਾਬ ਵਿੱਚ ਤਿੰਨਾਂ ਮਹੀਨਿਆਂ ਦੇ ਅੰਦਰ ਪੁਲਿਸ ਦਾ ਨਵਾਂ ਡਾਇਰੈਕਟਰ ਜਨਰਲ ਲੱਗ ਸਕਦਾ ਹੈ।

ਅਸਲ ਵਿੱਚ ਪੰਜਾਬ ਦੇ ਕਾਰਜਕਾਰੀ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਇਸ 31 ਮਾਰਚ ਨੂੰ ਸੇਵਾਮੁਕਤ ਹੋਣ ਵਾਲੇ ਹਨ।ਅੱਜ ਮੰਗਲਵਾਰ ਨੂੰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐੱਸ ਸੀ) ਨੇ ਇੱਕਮੀਟਿੰਗਕੀਤੀ ਤਾਂ ਇਸ ਵਿੱਚ ਪੰਜਾਬ ਸਰਕਾਰ ਵੱਲੋਂ ਸਿਧਾਰਥ ਚੱਟੋਪਾਧਿਆਏ ਨੂੰ ਪੱਕਾ ਡੀ ਜੀ ਪੀ ਲਾਉਣ ਦੀ ਸਿਫਾਰਸ਼ ਨੂੰ ਨਹੀਂ ਮੰਨਿਆ ਤੇ ਸੀਨੀਆਰਟੀ ਅਤੇ ਯੋਗਤਾ ਦੇ ਆਧਾਰ ਉੱਤੇ ਤਿੰਨ ਹੋਰਨਾਵਾਂ ਦੀ ਸਿਫ਼ਾਰਸ਼ ਕਰ ਦਿੱਤੀ ਹੈ, ਜਿਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਮਜਬੂਰੀ ਵਿੱਚ ਪੰਜਾਬ ਪੁਲਸ ਦਾ ਨਵਾਂ ਮੁਖੀ ਲਾਉਣਾ ਪੈ ਸਕਦਾ ਹੈ। ਜਾਣਕਾਰ ਸੂਤਰਾਂ ਅਨੁਸਾਰ ਯੀ ਪੀ ਐੱਸ ਸੀ ਨੇ ਸਿਰਫ ਉਨ੍ਹਾਂ ਅਫਸਰਾਂਬਾਰੇ ਵਿਚਾਰ ਕੀਤਾ ਹੈ, ਜਿਨ੍ਹਾਂ ਦੀ ਛੇ ਮਹੀਨੇ ਜਾਂ ਇਸ ਤੋਂ ਵੱਧ ਸਰਵਿਸ ਬਾਕੀ ਹੈ।

ਯੂ ਪੀ ਐੱਸ ਸੀ ਦੀ ਅੱਜ ਦੀ ਮੀਟਿੰਗ ਵਿੱਚ ਸੀਨੀਆਰਟੀ, ਯੋਗਤਾ ਅਤੇ ਛੇ ਮਹੀਨਿਆਂ ਦੀ ਬਾਕੀ ਸਰਵਿਸ ਦੀ ਵਿਚਾਰ ਕਰਨ ਪਿੱਛੋਂ ਨਵੇਂ ਮੁਖੀ ਵਜੋਂ ਤਿੰਨ ਅਫਸਰਾਂ ਪ੍ਰਬੋਧ ਕੁਮਾਰ (1988 ਬੈਚ), ਵੀਕੇ ਭਾਵਰਾ ਤੇ ਦਿਨਕਰ ਗੁਪਤਾ (ਦੋਵੇਂ ਜਣੇ 1987 ਬੈਚ) ਵਾਲੇ ਇਸ ਨਿਯੁਕਤੀ ਲਈ ਯੋਗ ਮੰਨੇ ਗਏ ਹਨ।ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂਅਸਤੀਫਾ ਦੇਣ ਪਿੱਛੋਂ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣ ਜਾਣ ਉੱਤੇ ਪਿਛਲੇ ਡੀ ਜੀ ਪੀ ਦਿਨਕਰ ਗੁਪਤਾ ਨੇ ਅਹੁਦਾ ਛੱਡ ਦਿੱਤਾ ਸੀ ਅਤੇ ਨਵਾਂ ਡੀ ਜੀ ਪੀ ਲਾਉਣ ਲਈਰਾਜ ਸਰਕਾਰ ਨੇ ਆਪਣੇ 10 ਸਭ ਤੋਂ ਸੀਨੀਅਰ ਅਫਸਰਾਂ ਦੇ



ਨਾਮ ਯੂ ਪੀਐਸਸੀ ਨੂੰ ਭੇਜੇ ਸਨ, ਜਿਨ੍ਹਾਂ ਵਿੱਚ ਐੱਮਕੇ ਤਿਵਾੜੀ, ਰੋਹਿਤ ਚੌਧਰੀ, ਇਕਬਾਲ ਪ੍ਰੀਤ ਸਿੰਘ ਸਹੋਤਾ, ਸੰਜੀਵ ਕਾਲੜਾ, ਪਰਾਗ ਜੈਨ ਤੇ ਬਰਜਿੰਦਰ ਕੁਮਾਰ ਉੱਪਲ ਦੇ ਨਾਲ ਸੰਭਾਵਿਤ ਦਾਅਵੇਦਾਰਾਂ ਵਿੱਚਮੌਜੂਦਾ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਦਾ ਨਾਂ ਵੀ ਸੀ।ਚਟੋਪਾਧਿਆਏ ਇਸ ਵਕਤ ਪੁਲਸ ਦੇ ਸਭ ਤੋਂ ਸੀਨੀਅਰ ਅਫਸਰ ਹਨ, ਪਰ ਉਨ੍ਹਾਂ ਦੀ ਸਰਵਿਸ ਛੇ ਮਹੀਨੇ ਤੋਂ ਘੱਟ ਰਹਿੰਦੀ ਹੋਣ ਕਾਰਨ ਉਹ ਇਸ ਅਹੁਦੇ ਦੀ ਨਿਯੁਕਤੀ ਲਈ ਮੁਕਾਬਲੇ ਤੋਂ ਬਾਹਰ ਮੰਨੇ ਜਾਂਦੇ ਸਨ ਅਤੇ ਅੱਜ ਯੂ ਪੀ ਐੱਸ ਸੀ ਨੇ ਇਹੋ ਫੈਸਲਾ ਦਿਤਾ ਹੈ।


ਚਰਨਜੀਤ ਸਿੰਘ ਚੰਨੀ ਦੀ ਸਰਕਾਰ ਬਣਦੇ ਸਾਰ ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਕਾਰਜਕਾਰੀ ਡੀ ਜੀ ਪੀ ਵਜੋਂ ਚਾਰਜ ਦਿੱਤਾ ਗਿਆ ਸੀ, ਪਰ ਉਸ ਦੀ ਨਿਯੁਕਤੀ ਦਾ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਇਸ ਕਰ ਕੇ ਵਿਰੋਧ ਕੀਤਾ ਸੀ ਕਿ ਸਾਲ 2015 ਦੇ ਬੇਅਦਬੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੇ ਮੁਖੀ ਵਜੋਂ ਸਹੋਤਾ ਦੀ ਪ੍ਰਧਾਨਗੀ ਹੇਠ ਦੋ ਸਿੱਖਨੌਜਵਾਨਾਂ ਨੂੰ ਫੜਿਆ ਗਿਆ ਤੇ ਫਿਰ ਉਨ੍ਹਾਂ ਨੂੰ ਬੇਗੁਨਾਹ ਮੰਨ ਕੇ ਛੱਡਣਾ ਪਿਆ ਸੀ। ਇਸ ਕਾਰਨ ਇਕਬਾਲ ਪ੍ਰੀਤ ਸਿੰਘ ਸਹੋਤਾ ਦੀ ਥਾਂ ਸਿਧਾਰਥ ਚਟੋਪਾਧਿਆਏ ਨੂੰ 17 ਦਸੰਬਰ ਨੂੰ ਨਵਾਂ ਕਾਰਜਕਾਰੀ ਡੀ ਜੀ ਪੀਬਣਾਇਆ ਗਿਆ ਸੀ।ਅੱਜ ਯੂ ਪੀ ਐੱਸ ਸੀ ਦਾ ਫੈਸਲਾ ਆਉਣ ਪਿੱਛੋਂ ਸਿਧਾਰਥ ਚਟੋਪਾਧਿਆਏ ਨੂੰ ਅਹੁਦਾ ਛੱਡਣਾ ਪੈ ਸਕਦਾ ਹੈ ਅਤੇ ਇਸ ਸਥਿਤੀ ਵਿੱਚ ਸਾਬਕਾ ਡੀ ਜੀ ਪੀ ਦਿਨਕਰ ਗੁਪਤਾ, ਵੀ ਕੇ ਭਾਵਰਾ ਜਾਂ ਪ੍ਰਬੋਧ ਚੰਦਰ ਵਿੱਚੋਂ ਕਿਸੇ ਇੱਕ ਨੂੰ ਇਹ ਅਹੁਦਾ ਸੌਂਪਣ ਦੀ ਨੌਬਤ ਆ ਸਕਦੀ ਹੈ।

## ਪੰਜਾਬ ਕਾਂਗਰਸ ਵਿੱਚ ਹਲਚਲ: ਨਵਜੋਤ ਸਿੰਘ ਸਿੱਧੂ ਦੇ ਖ਼ਿਲਾਫ਼ ਡਿਪਟੀ ਮੁੱਖ ਮੰਤਰੀ ਰੰਧਾਵਾ ਅਤੇ ਹੋਰ ਮੰਤਰੀ ਦਿੱਲੀ ਪਹੁੰਚੇ

ਚੰਡੀਗੜ੍ਹ, 4 ਜਨਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿੱਚ ਵੱਡੀ ਹਲਚਲ ਮੱਚਣ ਵਾਲੇ ਹਾਲਾਤ ਵਿੱਚ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅੱਜ ਅਚਾਨਕ ਦਿੱਲੀ ਚਲੇ ਗਏ ਤੇ ਕਈ ਹੋਰ ਮੰਤਰੀ ਪ੍ਰਗਟ ਸਿੰਘ, ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਾਰਤ ਭੂਸ਼ਣ ਆਸ਼ੂ ਆਦਿ ਵੀ ਹਾਈਕਮਾਂਡ ਕੋਲ ਜਾ ਪਹੁੰਚੇ ਹਨ।

ਪਤਾ ਲੱਗਾ ਹੈ ਕਿ ਇਹ ਨੇਤਾ ਦਿੱਲੀ ਵਿੱਚ ਰਾਹੁਲ ਗਾਂਧੀ ਨੂੰ ਮਿਲਣ ਗਏ ਹਨ, ਜਿੱਥੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਵੱਲੋਂਆਪਣੀ ਪਾਰਟੀ ਦੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਕੀਤੀਆਂ ਜਾਂਦੀਆਂ ਟਿੱਪਣੀਆਂ ਨਾਲ ਬਣੀ ਨਾਰਾਜ਼ਗੀ ਦਾ ਮੁੱਦਾ ਉੱਠ ਰਿਹਾ ਹੈ। ਪੰਜਾਬ ਦੇ ਜਿਹੜੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਸ਼ਿਕਾਇਤ ਰਾਹੁਲ ਨੂੰ ਕਰਨ ਗਏ ਹਨ, ਜਿਨ੍ਹਾਂਵਿੱਚੋਂ ਨਵਜੋਤ ਸਿੰਘ ਸਿੱਧੂ ਦੇ ਸਭ ਤੋਂ ਵੱਧ ਨੇੜੂ ਪ੍ਰਗਟ ਸਿੰਘ ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ ਡਿਪਟੀਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਖੁੱਲ੍ਹ ਕੇ ਨਵਜੋਤ ਸਿੰਘ ਸਿੱਧੂ ਦੀਆਂ ਟਿੱਪਣੀਆਂ ਬਾਰੇ ਨਾਰਾਜ਼ਗੀ ਪ੍ਰਗਟਾਈ ਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਨਵਜੋਤ ਸਿੰਘਸਿੱਧੂ ਨੂੰ ਇੱਥੋਂ ਤਕ ਕਹਿ ਦਿੱਤਾ ਸੀ ਕਿ ਉਹ ਜ਼ੁਬਾਨ ਬੰਦ ਰੱਖਣ।ਸੁਖਜਿੰਦਰ ਸਿੰਘ ਰੰਧਾਵਾ ਨੇ ਬੀਤੇ ਦਿਨੀ ਚੰਡੀਗੜ੍ਹਵਿੱਚ ਇੱਕ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਸੀ ਕਿ ਅਕਾਲੀ ਸਾਬਕਾ ਮੰਤਰੀਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਕੇਸ ਬਾਰੇ ਨਵਜੋਤ ਸਿੰਘ ਸਿੱਧੂ ਗਲਤ ਬਿਆਨਬਾਜ਼ੀ ਕਰਦੇ ਹਨ। ਜਾਣਕਾਰ ਸੂਤਰਾਂ ਅਨੁਸਾਰ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਬਾਰੇ ਇਹ ਸਾਰੇ ਮੰਤਰੀ ਚਿੰਤਤ ਹਨ ਕਿ ਨਵਜੋਤ ਸਿੰਘ ਦੇਸਿੱਧੂ ਦੇ ਬਿਆਨਾਂ ਨਾਲ ਪਾਰਟੀ ਦਾ ਨੁਕਸਾਨ ਹੋ ਸਕਦਾ ਹੈ। ਇਸੇ ਲਈ ਉਹ ਰਾਹੁਲ ਗਾਂਧੀ ਕੋਲਨਵਜੋਤ ਸਿੰਘ ਸਿੱਧੂ ਦੀਆਂ ਟਿੱਪਣੀਆਂ ਦੀ ਗੱਲ ਕਰਨਾ ਚਾਹੁੰਦੇ ਹਨ।ਜਾਣਕਾਰ ਸੂਤਰਾਂ ਮੁਤਾਬਕ ਸੁਖਜਿੰਦਰ ਸਿੰਘ ਰੰਧਾਵਾ ਚਾਹੁੰਦੇ ਹਨ ਕਿ ਨਵਜੋਤ ਸਿੰਘ ਸਿੱਧੂਤੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀਲੈ ਕੇ ਇਹ ਜ਼ਿੰਮਾ ਉਨ੍ਹਾਂ ਨੂੰ ਦਿੱਤਾ ਜਾਵੇ।ਇਨ੍ਹਾਂ ਨੇਤਾਵਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣਵਿੱਚਵੱਡੀ ਭੂਮਿਕਾ ਨਿਭਾਈ ਤੇ ਉਦੋਂ ਨਵਜੋਤ ਸਿੰਘ ਸਿੱਧੂ ਦਾ ਸਾਥ ਦਿੱਤਾ ਸੀ। ਪ੍ਰਗਟ ਸਿੰਘ ਨੂੰ ਨਵਜੋਤ ਸਿੰਘ ਸਿੱਧੂ ਦਾ ਸਭ ਤੋਂ ਵੱਧ ਨਜ਼ਦੀਕੀ ਮੰਨਿਆ ਜਾਂਦਾ ਹੈ।

## ਅੱਜ ਤੋਂ ਚਾਹੀਦਾ ਹੋਵੇਗਾ ਕਿਊ ਆਰ ਕੋਡ ਵਾਲਾ ਵੈਕਸੀਨੇਸ਼ਨ ਸਰਟੀਫਿਕੇਟ




ਓਨਟਾਰੀਓ, 4 ਜਨਵਰੀ (ਪੋਸਟ ਬਿਊਰੋ) : ਅੱਜ ਤੋਂ ਸ਼ੁਰੂ ਕਰਕੇ ਜਿੱਥੇ ਕਿਤੇ ਵੀ ਵੈਕਸੀਨੇਸ਼ਨ ਦਾ ਸਬੂਤ ਚਾਹੀਦਾ ਹੋਵੇਗਾ ਓਨਟਾਰੀਓ ਵਾਸੀਆਂ ਨੂੰ ਉੱਥੇ ਦਾਖਲ ਹੋਣ ਲਈ ਕਿਊ ਆਰ ਕੋਡ ਵਾਲਾ ਵੈਕਸੀਨ ਸਰਟੀਫਿਕੇਟ ਚਾਹੀਦਾ ਹੋਵੇਗਾ।

ਅਜਿਹੀਆਂ ਥਾਂਵਾਂ ਵਿੱਚ ਇੰਡੋਰ ਡਾਈਨਿੰਗ, ਥਿਏਟਰ, ਜਿੰਮ ਤੇ ਹੋਰ ਕਾਰੋਬਾਰ ਸ਼ਾਮਲ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਥਾਂਵਾਂ ਬੁੱਧਵਾਰ ਨੂੰ ਨਵੀਆਂ ਪਾਬੰਦੀਆਂ ਕਾਰਨ ਬੰਦ ਰਹਿਣਗੀਆਂ ਪਰ ਅੱਜ ਤੋਂ ਤੇ ਜਦੋਂ ਵੀ ਇਹ ਕਾਰੋਬਾਰੀ ਅਦਾਰੇ ਮੁੜ ਖੁੱਲ੍ਹਣਗੇ ਉਦੋਂ ਬਿਨਾਂ ਕਿਊ ਆਰ ਕੋਡ ਵਾਲੇ ਵੈਕਸੀਨ ਸਰਟੀਫਿਕੇਟ ਨਹੀਂ ਚੱਲਣਗੇ। ਕਿਸੇ ਵੀ ਵਿਅਕਤੀ ਦੇ ਵੈਕਸੀਨੇਸ਼ਨ ਸਰਟੀਫਿਕੇਟ ਦੀ ਪੁਸ਼ਟੀ ਕਰਨ ਲਈ ਕਾਰੋਬਾਰੀ ਅਦਾਰੇ ਵੈਰੀਫਾਈ ਓਨਟਾਰੀਓ ਐਪ ਦੀ ਵਰਤੋਂ ਕਰ ਸਕਦੇ ਹਨ।

ਇਹ ਸਰਟੀਫਿਕੇਟਸ ਡਿਜੀਟਲ ਵੀ ਹੋ ਸਕਦੇ ਹਨ ਤੇ ਪੇਪਰ ਕਾਪੀ ਵੀ ਹੋ ਸਕਦੇ ਹਨ। ਜਿਨ੍ਹਾਂ ਨੂੰ ਵੈਕਸੀਨੇਸ਼ਨ ਤੋਂ ਛੋਟ ਮਿਲੀ ਹੋਈ ਹੈ ਉਨ੍ਹਾਂ ਨੂੰ ਵੀ ਪੁਸ਼ਟੀ ਕੀਤਾ ਹੋਇਆ ਕਿਊ ਆਰ ਕੋਡ ਵਾਲਾ ਸਰਟੀਫਿਕੇਟ ਹੀ ਵਿਖਾਉਣਾ ਹੋਵੇਗਾ। ਹੁਣ ਡਾਕਟਰ ਦੇ ਨੋਟ ਨਾਲ ਕੋਈ ਰਿਆਇਤ ਨਹੀਂ ਮਿਲਣ ਵਾਲੀ।

## ਵਿੰਡਸ਼ੀਲਡ ਉੱਤੇ ਬਰਫ ਹੋਣ ਕਾਰਨ ਹੋ ਸਕਦਾ ਹੈ 110 ਡਾਲਰ ਜੁਰਮਾਨਾ !

ਓਨਟਾਰੀਓ, 4 ਜਨਵਰੀ (ਪੋਸਟ ਬਿਊਰੋ) : ਏਅਰਪੋਰਟ ਰੋਡ ਨੇੜੇ ਜਦੋਂ ਕੇਲਡਨ ਦੇ ਓਪੀਪੀ ਆਫੀਸਰ ਨੇ ਡਰਾਈਵਰ ਨੂੰ ਹਾਈਵੇਅ 9 ਉੱਤੇ ਰੋਕਿਆ ਤਾਂ ਉਸ ਦੀ ਗੱਡੀ ਦੀ ਵਿੰਡਸ਼ੀਲਡ ਬਰਫ ਨਾਲ ਪੂਰੀ ਤਰ੍ਹਾਂ ਢਕੀ ਹੋਈ ਸੀ। ਕਾਂਸਟੇਬਲ ਇਆਨ ਮਾਈਕਲ ਨੇ ਆਖਿਆ ਕਿ ਡਰਾਈਵਰ ਨੇ ਉਨ੍ਹਾਂ ਨੂੰ ਆਖਿਆ ਕਿ ਵਾਈਪਰ ਕੰਮ ਨਹੀਂ ਸਨ ਕਰ ਰਹੇ ਤੇ ਉਨ੍ਹਾਂ ਦੇ ਸਕ੍ਰੇਪਰ ਵੀ ਗੁਆਚ ਗਿਆ ਸੀ। ਪਰ ਉਹ ਡਰਾਈਵਰ ਕਿਸੇ ਕਾਰਡ ਨਾਲ ਵੀ ਉਹ ਬਰਫ ਸਾਫ ਕਰ ਸਕਦਾ ਸੀ। ਡਰਾਈਵਰ ਨੂੰ 110 ਡਾਲਰ ਜੁਰਮਾਨਾ ਕੀਤਾ ਗਿਆ। ਮਾਈਕਲ ਨੇ ਆਖਿਆ ਕਿ ਸਮੇਂ ਸਮੇਂ ਉੱਤੇ ਪੁਲਿਸ ਅਧਿਕਾਰੀਆਂ ਨੂੰ ਇਸ ਤਰ੍ਹਾਂ ਦੇ ਮਾਮਲੇ ਵੇਖਣ ਨੂੰ ਮਿਲ ਜਾਂਦੇ ਹਨ। ਉਨ੍ਹਾਂ ਆਖਿਆ ਕਿ ਸਰਦੀਆਂ ਅਚਾਨਕ ਤਾਂ ਨਹੀਂ ਆਉਂਦੀਆਂ, ਇਹ ਤਾਂ ਹਰ ਸਾਲ ਆਉਂਦੀਆਂ ਹਨ। ਸਮੇਂ ਤੋਂ ਪਹਿਲਾਂ ਪਲੈਨਿੰਗ ਕਰਨਾ ਤੇ ਇਹ ਯਕੀਨੀ ਬਣਾਉਣ ਕਿ ਸੜਕ ਉੱਤੇ ਉਤਰਨ ਤੋਂ ਪਹਿਲਾਂ ਉਨ੍ਹਾਂ ਕੋਲ ਸਹੀ ਸਾਜ਼ੋਸਮਾਨ ਹੋਵੇਗਾ ਤਾਂ ਕਿ ਕਿਸੇ ਵੀ ਡਰਾਈਵਰ ਨੂੰ ਕੋਈ ਦਿੱਕਤ ਨਾ ਆਵੇ। ਇੱਥੇ ਦੱਸਣਾ ਬਣਦਾ ਹੈ ਕਿ ਨਿਯਮਾਂ ਮੁਤਾਬਕ ਸਾਹਮਣੇ ਤੇ ਸਾਈਡਜ਼ ਤੋਂ ਸਾਫ ਵਿਊ ਨਾ ਰੱਖਣ ਲਈ ਜੁਰਮਾਨਾ 110 ਡਾਲਰ ਹੈ। ਪਰ ਇਸ ਲਈ ਕੋਈ ਡੀਮੈਰਿਟ ਅੰਕ ਨਹੀਂ ਕੱਟਦੇ।

## ਔਰਤਾਂ ਦੀ ਨੀਲਾਮੀ ਦਾ ਮਾਮਲਾ: ਮੁੰਬਈ ਪੁਲਿਸ ਨੇ ਉੱਤਰਾਖੰਡ ਤੋਂ ਇੱਕ ਔਰਤ ਤੇ ਕਰਨਾਟਕ ਤੋਂ ਇੱਕ ਨੌਜਵਾਨ ਫੜਿਆ

*** ਖਾਲਸਾ ਵਾਲੇ ਟੈਗ ਨਾਲ ਵੈਬ ਚਲਾ ਕੇ ਗੰਦੀ ਖੇਡ ਖੇਡਦੇ ਰਹੇ**

ਨਵੀਂ ਦਿੱਲੀ, 4 ਜਨਵਰੀ, (ਪੋਸਟ ਬਿਊਰੋ)- ਪਿਛਲੇ ਦੋ ਦਿਨਾਂ ਤੋਂ ਚਰਚਾ ਦਾ ਵਿਸ਼ਾ ਬਣੇ ਹੋਏ 'ਬੁੱਲੀ ਬਾਈ' ਐਪ ਕੇਸ ਅਤੇ ਇਸ ਉੱਤੇ ਇੱਕ ਖਾਸ ਭਾਈਚਾਰ ਦੀਆਂ ਔਰਤਾਂ ਦੀ 'ਸੇਲ' ਲਾਉਣ ਦੀ ਜਾਂਚ ਪਿੱਛੋਂ ਮੁੰਬਈ ਪੁਲਿਸ ਦੇ ਸਾਈਬਰ ਸੈੱਲ ਨੇ ਉਤਰਾਖੰਡ ਤੋਂ ਦੋ ਦੋਸ਼ੀਗ੍ਰਿਫਤਾਰ ਕੀਤੇ ਹਨ।ਇਨ੍ਹਾਂ ਵਿੱਚੋਂ ਇੱਕ 21 ਸਾਲਾ ਇੰਜੀਨਿਅਰ ਅਤੇ ਐਪ ਬਣਾਉਣ ਵਾਲਾ ਅਤੇ ਇੱਕ ਮਹਿਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁੰਬਈ ਪੁਲਸ ਦੇ ਸਾਈਬਰ ਸੈੱਲ ਵਿਭਾਗ ਨੇ ਹਿਰਾਸਤ ਵਿੱਚ ਲਏ ਵਿਅਕਤੀ ਦਾ ਨਾਮ ਵਿਸ਼ਾਲ ਕੁਮਾਰ ਦੱਸਿਆ, ਪਰ ਔਰਤ ਦਾ ਨਾਂਅ ਨਹੀਂ ਦੱਸਿਆ ਗਿਆ।



ਇਸ ਬਾਰੇ ਮੁੰਬਈ ਪੁਲਿਸ ਦਾ ਕਹਿਣਾ ਹੈ ਕਿ ਦੋਵੇਂ ਦੋਸ਼ੀ ਇਕ-ਦੂਸਰੇ ਨੂੰ ਜਾਣਦੇ ਹਨ ਅਤੇ 'ਬੁੱਲੀ ਬਾਈ' ਐਪ ਉੱਤੇ ਫਰਜ਼ੀ ਖਾਤੇ ਚਲਾ ਰਹੇ ਹਨ। ਪੁਲਿਸ ਮੁਤਾਬਕ "ਮੁੱਖਦੋਸ਼ੀ ਔਰਤ 'ਬੁੱਲੀ ਬਾਈ' ਐਪ ਵਾਲੇ ਤਿੰਨ ਖਾਤੇ ਹੈਂਡਲ ਕਰਦੀ ਸੀਅਤੇ ਦੋਸ਼ੀ ਵਿਸ਼ਾਲ ਕੁਮਾਰ 'ਖ਼ਾਲਸਾ ਸਰਬਉੱਚਤਾ'(ਅੰਗਰੇਜ਼ੀ ਵਿੱਚ ਖਾਲਸਾ ਸੁਪਰੀਮੇਸਿਸਟ) ਦੇ ਨਾਂ ਨਾਲ ਖਾਤਾ ਚਲਾ ਰਿਹਾ ਸੀ। ਬੀਤੀ 31 ਦਸੰਬਰ ਨੂੰ ਉਸਨੇ ਸਿੱਖਾਂ ਨਾਲ ਮਿਲਦੇ-ਜੁਲਦੇ ਕੁਝ ਹੋਰ ਖਾਤਿਆਂ ਦੇ ਨਾਮ ਬਦਲ ਦਿੱਤੇ, ਜਿਹੜੇ ਜਾਅਲੀ ਖਾਲਸਾ ਯੂਜ਼ਰਜ਼ ਦੱਸੇ ਗਏ ਸਨ।" ਐਤਵਾਰ ਨੂੰ ਗਿਟਹਬ ਪਲੇਟਫਾਰਮ ਵੱਲੋਂ ਹੋਸਟ ਕੀਤੇ ਐਪ ਉੱਤੇ ਮੁਸਲਿਮ ਔਰਤਾਂ ਦੀਆਂ ਫੋਟੋ ਨਿਲਾਮੀ ਲਈ ਅਪਲੋਡ ਕੀਤੀਆਂ ਗਈਆਂ। ਸ਼ਿਕਾਇਤਾਂ ਪਿੱਛੋਂ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕੀਤਾ ਅਤੇ ਜਾਂਚ ਦੇ ਬਾਅਦ ਸ਼ੱਕੀ ਬੰਦੇ ਨੂੰ ਸੋਮਵਾਰ ਨੂੰ ਹਿਰਾਸਤ ਵਿੱਚ ਲੈ ਲਿਆ ਸੀ ਅਤੇ ਮੁੰਬਈ ਦੇ ਸਾਈਬਰ ਪੁਲਿਸ ਸਟੇਸ਼ਨ ਨੇ ਐਪ ਨੂੰ ਪ੍ਰਮੋਟ ਕਰਨ ਵਾਲੇ ਐਪ ਡਿਵੈਲਪਰਾਂ ਅਤੇ ਟਵਿੱਟਰ ਹੈਂਡਲ ਦੇ ਖਿਲਾਫ ਕੇਸ ਦਰਜ ਕੀਤਾ ਸੀ।ਵਰਨਣ ਯੋਗ ਹੈ ਕਿ 'ਬੁੱਲੀ ਬਾਈ' ਐਪ ਉੱਤੇਕਈ ਮੁਸਲਿਮ ਔਰਤਾਂ ਨੂੰ ਨਿਲਾਮੀ ਲਈ ਲਿਸਟਿਡ ਕੀਤਾ ਗਿਆ ਸੀ, ਜਿਨ੍ਹਾਂ ਦੀਆਂ ਫੋਟੋ ਬਿਨਾਂ ਇਜਾਜ਼ਤ ਤੇ ਐਡਿਟ ਕਰ ਕੇ ਲਾਈਆਂ ਗਈਆਂ ਸਨ।ਇਹ ਕੰਮਇੱਕ ਸਾਲ ਤੋਂ ਘੱਟ ਸਮੇਂ ਵਿੱਚ ਦੂਸਰੀ ਵਾਰ ਕੀਤਾ ਗਿਆ।ਇਹ ਐਪ 'ਸੁਲੀ ਡੀਲਜ਼' ਦਾ ਕਲੋਨ ਜਾਪਦਾ ਹੈ, ਜਿਸ ਨੇ ਪਿਛਲੇ ਸਾਲ ਇਸੇ ਤਰ੍ਹਾਂ ਦੀ ਹਰਕਤ ਕੀਤੀ ਸੀ। ਰਾਜਨੀਤਕ ਆਗੂਆਂ ਨੇ ਘੱਟ ਗਿਣਤੀ ਭਾਈਚਾਰੇ ਦੀਆਂ ਔਰਤਾਂ ਬਾਰੇ ਸਾਈਬਰ ਛੇੜਛਾੜ ਦੀ ਨਿਖੇਧੀ ਕੀਤੀ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ।

## ਡਿਪਟੀ ਮੁੱਖ ਮੰਤਰੀ ਰੰਧਾਵਾ ਦੀ ਚਿੱਠੀ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਭੜਕਿਆ

*** 1984 ਦਾ ਮਿਹਣਾ ਦੇ ਕੇ ਹੱਦਾਂ ਵਿੱਚ ਰਹਿਣ ਨੂੰ ਕਿਹਾ**

ਅੰਮ੍ਰਿਤਸਰ, 4 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖਣਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਆਪਣੀ ਪੀੜ੍ਹੀ ਹੇਠ ਝਾਕਣ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਸੁਖਜਿੰਦਰ ਸਿੰਘ ਰੰਧਾਵਾ ਨੂੰ ਪੰਥਕ ਮਸਲਿਆਂ ਵਿੱਚ ਦਖ਼ਲ ਦੇਣ ਦਾ ਹੱਕ ਨਹੀਂ, ਕਿਉਂਕਿ ਇਸ ਦੀ ਮਾਂ ਪਾਰਟੀ ਕਾਂਗਰਸ ਨੇ ਸਿੱਖੀ ਦੇ ਖ਼ਾਤਮੇ ਦਾ ਯਤਨ ਕੀਤਾ ਸੀ। ਉਨ੍ਹਾਂ ਮਿਹਣਾ ਮਾਰਿਆ ਕਿ ਕੀ ਸੁਖਜਿੰਦਰ ਸਿੰਘ ਰੰਧਾਵਾ ਕਾਂਗਰਸ ਵੱਲੋਂ ਕੀਤੇ ਸਿੱਖ ਕਤਲੇਆਮ ਬਾਰੇ ਵੀ ਸਿੱਖ ਸੰਗਤ ਨੂੰ ਦੱਸਣ ਦੀ ਹਿੰਮਤ ਕਰਨਗੇ?

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਡਿਪਟੀਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ



ਧਿਆਨ ਜੂਨ 1984 ਦੌਰਾਨ ਸ੍ਰੀ ਹਰਿ-ਮੰਦਰ ਸਾਹਿਬ ਵਿਖੇ ਗੋਲੀਆਂ ਨਾਲ ਜ਼ਖ਼ਮੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੱਲ ਦਿਵਾ ਕੇਕਿਹਾ ਕਿ ਕਾਂਗਰਸ ਵੱਲੋਂ ਕੀਤੀ ਗਈ ਇਹ ਬੇਅਦਬੀ ਸਿੱਖ ਮਾਨਸਿਕਤਾ ਦਾ ਹਿੱਸਾ ਬਣ ਚੁੱਕੀ ਹੈ ਤੇ ਅਗਲੀਆਂ ਪੀੜ੍ਹੀਆਂ ਵੀ ਇਸ ਨੂੰ ਨਹੀਂ ਭੁੱਲਣਗੀਆਂ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਨੂੰ ਢਹਿ ਢੇਰੀ ਕਰਨ ਵਾਲੀ ਕਾਂਗਰਸ ਦੇ ਆਗੂਆਂ ਨੂੰ ਪੰਥ ਦੀਆਂ ਗੱਲਾਂ ਕਰਨ ਦਾ ਹੱਕ ਨਹੀਂ ਅਤੇ ਇਸ ਦੇ ਆਗੂਆਂ ਨੂੰ ਆਪਣੀ ਪਾਰਟੀ ਦੇ ਕੁਕਰਮ ਨਹੀਂ ਭੁੱਲਣੇ ਚਾਹੀਦੇ।ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਰਬ ਉੱਚ ਹੈ ਤੇ ਇਸ ਦੇ ਜਥੇਦਾਰ ਦੀ ਸ਼ਾਨ ਬਹੁਤ ਉੱਚੀ ਹੈ, ਪਰ ਕਾਂਗਰਸ ਆਗੂਦੁਬਿਧਾ ਪੈਦਾ ਕਰਨ ਲਈ ਸ੍ਰੀ ਅਕਾਲ ਤਖ਼ਤ ਦੀਆਂ ਪ੍ਰੰਪਰਾਵਾਂ ਨੂੰ ਢਾਹ ਲਾਉਣ ਤੁਰੇ ਹੋਏ ਹਨ। ਇਸ ਦੀ ਮਿਸਾਲ ਬੀਤੇ ਦਿਨੀਂ ਆਪੇ ਬਣੇ ਜਥੇਦਾਰਾਂ ਅੱਗੇ ਇਨ੍ਹਾਂ ਦਾ ਸੜਕ ਉੱਤੇ ਖੜੋ ਕੇ ਪੇਸ਼ ਹੋਣਾ ਹੈ।ਉਨ੍ਹਾਂ ਨੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੇਤਾਵਨੀ ਦਿੱਤੀ ਕਿ ਉਹ ਹੱਦਾਂ ਅੰਦਰ ਰਹਿਣ।

ਵਰਨਣ ਯੋਗ ਹੈ ਕਿਬੀਤੇ ਐਤਵਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਹਰਿਮੰ-ਦਰ ਸਾਹਿਬਵਿਖੇ ਮਨਾਏ ਗਏ ਰੋਸ ਦਿਵਸ ਬਾਰੇ ਡਿਪਟੀ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੋਮਵਾਰ ਚਿੱਠੀ ਲਿਖ ਕੇ ਕਿਹਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਕਾਲੀ ਦਲ ਵੱਲੋਂ ਮਨਾਏ ਰੋਸ ਦਿਵਸ ਨਾਲ ਉਨ੍ਹਾਂ ਦੇ ਹਿਰਦੇ ਨੂੰ ਠੇਸ ਪੁੱਜੀ ਹੈ, ਕਿਉਂਕਿ ਇਹ ਦਿਵਸ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਹਾਜ਼ਰੀਵਿੱਚ ਮਨਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਪੰਥਕ ਇਕੱਠ ਸ਼੍ਰੋਮਣੀ ਕਮੇਟੀ ਨੂੰ ਤਕੜਾ ਕਰਨ ਤਕ ਠੀਕ ਸੀ, ਪਰ ਤੁਹਾਡੇ ਵੱਲੋਂ ਅਪੀਲ ਰਾਹੀਂ ਬਾਦਲ ਦਲ ਨੂੰ ਤਕੜਾ ਕਰਨ ਦੀ ਗੱਲ ਨਾਲ ਸੰਗਤ ਦੇ ਹਿਰਦੇ ਵਲੂੰਧਰੇ ਗਏ ਹਨ। ਸੁਖਜਿੰਦਰ ਸਿੰਘ ਰੰਧਾਵਾ ਦੀ ਉਸ ਚਿੱਠੀ ਉੱਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਪ੍ਰਤੀਕਿਰਿਆ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਉੱਪ ਮੁੱਖ ਮੰਤਰੀ ਰੰਧਾਵਾ ਨੂੰ ਆਪਣੀ ਹੱਦਵਿੱਚ ਰਹਿਣ ਨੂੰ ਕਿਹਾ ਹੈ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼-ਵਰ੍ਹੇ ਨੂੰ ਸਮੱਰਪਿਤ

# 'ਗੁਰੂ ਤੇਗ਼ ਬਹਾਦਰ: ਇਕ ਪੁਸਤਕਾਵਲੀ' - ਇਕ ਸ਼ਲਾਘਾਯੋਗ ਉਪਰਾਲਾ




ਡਾ. ਸੁਖਦੇਵ ਸਿੰਘ ਝੰਡ
(647-567-9128)

24 ਨਵੰਬਰ 1675 ਈ. ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਹੋਈ ਸ਼ਹੀਦੀ ਅਦੁੱਤੀ ਅਤੇ ਵਿਲੱਖਣ ਹੈ। ਦਿੱਲੀ ਵਿਚ ਸ਼ਹੀਦੀ ਦੇ ਕੇ ਉਹ ਨਾ ਕੇਵਲ ਭਾਰਤ ਵਿਚ ਹਿੰਦੂ ਧਰਮ ਦੇ ਰਖਵਾਲੇ ਹੀ ਬਣੇ, ਸਗੋਂ ਉਹ ਸੰਸਾਰ-ਭਰ ਵਿਚ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਵੀ ਕਹਾਏ। ਭਾਰਤ ਦਾ ਉਸ ਸਮੇਂ ਦਾ ਸ਼ਾਸਕ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਵੱਲੋਂ ਹਿੰਦੂਆਂ ਉੱਪਰ ਅਤਿਅੰਤ ਜ਼ੁਲਮ ਕਰਕੇ ਉਨ੍ਹਾਂ ਨੂੰ ਇਸਲਾਮ ਧਰਮ ਅਪਨਾਉਣ ਲਈ ਮਜਬੂਰ ਕਰ ਰਿਹਾ ਸੀ। ਧੱਕੇ ਨਾਲ ਉਨ੍ਹਾਂ ਦੇ ਜਨੇਊ ਉਤਾਰੇ ਜਾ ਰਹੇ ਸਨ ਅਤੇ ਉਨ੍ਹਾਂ ਨੂੰ ਮੁਸਲਮਾਲ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਇਸ ਦੇ ਵਿਰੁੱਧ ਆਵਾਜ਼ ਉਠਾਉਣ ਲਈ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਅਨੰਦਪੁਰ ਸਾਹਿਬ ਪਹੁੰਚਾ ਅਤੇ ਉਸ ਦੇ ਵੱਲੋਂ ਗੁਰੂ ਤੇਗ਼ ਬਹਾਦਰ ਜੀ ਕੋਲ ਮਦਦ ਦੀ ਪੁਕਾਰ ਕੀਤੀ ਗਈ। ਗੁਰੂ ਜੀ ਵੱਲੋਂ ਜਦੋਂ ਇਸ ਮਸਲੇ ਦਾ ਹੱਲ ਕਿਸੇ ਮਹਾਂ-ਪੁਰਖ਼ ਦੀ ਕੁਰਬਾਨੀ ਦੱਸਿਆ ਗਿਆ ਤਾਂ ਨੌਂ ਸਾਲ ਦੀ ਉਮਰ ਦੇ ਬਾਲਕ ਗੋਬਿੰਦ ਰਾਏ ਨੇ ਕਿਹਾ ਸੀ, "ਪਿਤਾ ਜੀ, ਤੁਹਾਡੇ ਨਾਲੋਂ ਵੱਡਾ ਮਹਾਂ-ਪੁਰਖ਼ ਹੋਰ ਕੌਣ ਹੋ ਸਕਦਾ ਹੈ?"

ਦਿੱਲੀ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੇ ਦ੍ਰਿੜ੍ਹ ਇਰਾਦੇ ਤੋਂ ਡੇਗਣ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਦੇ ਸਾਥੀਆਂ ਵਿਚ ਸ਼ਾਮਲ ਦੋ ਸਕੇ ਭਰਾਵਾਂ ਵਿੱਚੋਂ ਭਾਈ ਮਤੀ ਦਾਸ ਨੂੰ ਆਰੇ ਨਾਲ਼ ਚੀਰਿਆ ਗਿਆ ਅਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਬੰਨ੍ਹ ਕੇ ਸਾੜਿਆ ਗਿਆ। ਤੀਸਰੇ ਸਾਥੀ ਭਾਈ ਦਿਆਲਾ ਜੀ ਨੂੰ ਉੱਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਇਹ ਸੱਭ ਅੱਖੀਂ ਵੇਖ ਕੇ ਵੀ ਗੁਰੂ ਜੀ ਹਿਮਾਲੀਆ ਪਰਬਤ ਵਾਂਗ ਅਡੋਲ ਅਤੇ ਅਡਿੱਗ ਰਹੇ। ਅਖ਼ੀਰ, ਜਦੋਂ ਔਰੰਗਜ਼ੇਬ ਦੇ ਹੁਕਮ ਅਨੁਸਾਰ ਮੌਕੇ ਦੇ ਕਾਜ਼ੀ ਵੱਲੋਂ ਲਗਾਈਆਂ ਗਈਆਂ ਦੋ ਸ਼ਰਤਾਂ ਕਰਾਮਾਤ ਵਿਖਾਉਣ ਅਤੇ ਮੁਸਲਿਮ ਧਰਮ ਅਪਨਾਉਣ ਨੂੰ ਗੁਰੂ ਜੀ ਵੱਲੋਂ ਮੁੱਢੋਂ ਨਕਾਰ ਦਿੱਤਾ ਗਿਆ ਤਾਂ ਇਸ ਦੀ ਸਜ਼ਾ ਵਜੋਂ ਤਲਵਾਰ ਨਾਲ ਉਨ੍ਹਾਂ ਦਾ ਸੀਸ ਕਲਮ ਕਰ ਦਿੱਤਾ ਗਿਆ। ਇਤਿਹਾਸ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਅਦੁੱਤੀ ਹੈ ਜਿਸ ਵਿਚ ਦਿੱਲੀ ਵਿਚ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੇ ਧੜ ਅਤੇ ਸੀਸ ਦਾ ਸਸਕਾਰ ਦੋ ਵੱਖ-ਵੱਖ ਥਾਵਾਂ ਦਿੱਲੀ ਤੇ ਅਨੰਦਪੁਰ ਸਾਹਿਬ ਵਿਚ ਹੋਇਆ। ਦਿੱਲੀ ਵਿਚ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ ਅਤੇ ਉਨ੍ਹਾਂ ਦਾ ਸੀਸ ਬਾਬਾ ਜੀਵਨ ਸਿੰਘ ਰੰਘਰੇਟਾ ਅਨੰਦਪੁਰ ਸਾਹਿਬ ਲਿਆਉਣ ਵਿਚ ਸਫ਼ਲ ਹੋਏ ਜਿੱਥੇ ਬਾਲਕ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਸ ਦਾ ਸਸਕਾਰ ਕੀਤਾ ਗਿਆ ਆਪਣੀ ਸ਼ਹਾਦਤ ਦੇ ਕੇ ਉਹ ਨਾ ਕੇਵਲ 'ਹਿੰਦ ਦੀ ਚਾਦਰ' ਹੀ ਬਣੇ, ਸਗੋਂ ਸਾਰੇ ਸੰਸਾਰ ਵਿਚ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦਾ ਇਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ।

ਪੰਜਾਬੀ ਵਿਚ ਪੁਸਤਕ-ਸੂਚੀਆਂ ਬਨਾਉਣ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਅਤੇ ਇਹ ਵੀਹਵੀ ਸਦੀ ਤੀਸਰੇ ਦਹਾਕੇ ਵਿਚ ਹੀ ਆਰੰਭ ਹੋਇਆ ਜਦੋਂ ਪ੍ਰੋ. ਗੰਡਾ ਸਿੰਘ ਨੇ ਪੰਜਾਬੀ ਵਿਚ ਪਹਿਲੀ ਪੁਸਤਕ-ਸੂਚੀ 1935 ਵਿਚ ਤਿਆਰ ਕੀਤੀ। ਇਹ ਲੇਖ-ਨੁਮਾ ਪੁਸਤਕ-ਸੂਚੀ ਜਿਸ ਵਿਚ ਸਿੱਖ ਇਤਿਹਾਸ ਬਾਰੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਲਿਖੀਆਂ ਗਈਆਂ ਪੁਸਤਕਾਂ ਸ਼ਾਮਲ ਸਨ ਅਤੇ ਇਹ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ ਤਿਆਰ ਕਰਵਾਈ ਗਈ। ਫਿਰ 1953 ਵਿਚ ਇਕ ਵੱਡ-ਆਕਾਰੀ ਪੁਸਤਕ-ਸੂਚੀ ਸ਼ਮਸ਼ੇਰ ਸਿੰਘ ਅਸ਼ੋਕ ਵੱਲੋਂ ਤਿਆਰ ਕੀਤੀ ਗਈ ਜੋ ਭਾਸ਼ਾ ਵਿਭਾਗ, ਪਟਿਆਲਾ ਵੱਲੋਂ 1953 ਵਿਚ ਪ੍ਰਕਾਸ਼ਿਤ ਕੀਤੀ ਗਈ। ਸੈਂਟਰਲ ਰੈਫ਼ਰੈਂਸ ਲਾਇਬ੍ਰੇਰੀ, ਪਟਿਆਲਾ ਨੂੰ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੀ ਸੂਚੀ ਬਨਾਉਣ ਦਾ ਕਾਰਜ ਸੌਂਪਿਆ ਗਿਆ ਤਾਂ ਜੋ ਇਹ 'ਇੰਡੀਅਨ ਨੈਸ਼ਨਲ ਬਿਬਲਿਓਗ੍ਰਾਫ਼ੀ' ਵਿਚ ਸ਼ਾਮਲ ਕੀਤੀ ਸਕੇ, ਪਰ ਤਕਨੀਕੀ ਅਤੇ ਹੋਰ ਕਈ ਕਾਰਨਾਂ ਕਰਕੇ ਇਹ ਵੱਡਾ ਪ੍ਰਾਜੈੱਕਟ ਸਿਰੇ ਨਾ ਚੜ੍ਹ ਸਕਿਆ। 1971 ਵਿਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੰਜਾਬੀ ਵਿਚ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਦੀ ਵਿਸ਼ੇ-ਸੂਚੀ (Subject Bibliography) ਤਿਆਰ ਕਰਵਾਈ ਗਈ। ਇਸ ਤੋਂ ਬਾਅਦ ਵੱਖ-ਵੱਖ ਯੂਨੀਵਰਸਿਟੀਆਂ ਦੇ ਪ੍ਰਕਾਸ਼ਨ ਵਿਭਾਗਾਂ, ਲਾਇਬ੍ਰੇਰੀਆਂ, ਪ੍ਰਕਾਸ਼ਕਾਂ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਕਈ ਪੁਸਤਕ-ਸੂਚੀਆਂ ਛਪਵਾਈਆਂ ਗਈਆਂ ਹਨ ਜਿਨ੍ਹਾਂ ਦੀ ਲਿਸਟ ਕਾਫ਼ੀ ਲੰਮੇਰੀ ਹੈ ਅਤੇ ਇਸ ਸੰਖੇਪ ਆਰਟੀਕਲ ਵਿਚ ਇਸ ਦਾ ਜ਼ਿਕਰ ਸੰਭਵ ਨਹੀਂ ਹੈ।




1 ਅਪ੍ਰੈਲ 1621 ਨੂੰ ਗੁਰੂ ਤੇਗ਼ ਬਹਾਦਰ ਜੀ ਇਸ ਦੁਨੀਆਂ ਵਿਚ ਆਏ ਅਤੇ ਸਾਲ 2021 ਵਿਚ ਉਨ੍ਹਾਂ ਦਾ 400 ਸਾਲਾ ਪ੍ਰਕਾਸ਼-ਦਿਵਸ ਕੇਵਲ ਭਾਰਤ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿਚ ਵੀ ਮਨਾਇਆ ਜਾ ਰਿਹਾ ਹੈ। 'ਹਿੰਦ ਦੀ ਚਾਦਰ' ਬਣੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਨੂੰ ਨਤਮ-ਸਤਿਕ ਹੁੰਦਿਆਂ ਹੋਇਆਂ ਰੱਖਦਿਆਂ ਹੋਇਆਂ ਇਨ੍ਹਾਂ ਸਮਾਗ਼ਮਾਂ ਵਿਚ ਅਤੇ ਪ੍ਰੋਗਰਾਮਾਂ ਵਿਚ ਆਪਣਾ ਯੋਗਦਾਨ ਪਾਉਂਦਿਆਂ ਹੋਇਆਂ ਡਾ. ਰਵੀ ਰਵਿੰਦਰ, ਡਾ. ਸੁਖਦੇਵ ਸਿੰਘ ਤੇ ਡਾ. ਹਰੀਸ਼ ਚੰਦਰ ਨੇ ਉਨ੍ਹਾਂ ਦੇ ਜੀਵਨ, ਉਨ੍ਹਾਂ ਦੁਆਰਾ ਰਚੀ ਹੋਈ ਬਾਣੀ ਅਤੇ ਅਦੁੱਤੀ ਸ਼ਹਾਦਤ ਨਾਲ ਸਬੰਧਿਤ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਛਪੀਆਂ ਪੁਸਤਕਾਂ ਦੀ ਵਿਸਤ੍ਰਿਤ ਪੁਸਤਕ-ਸੂਚੀ ਤਿਆਰ ਕੀਤੀ ਹੈ ਜਿਸ ਵਿਚ ਉਨ੍ਹਾਂ ਨੇ ਪੰਜ ਸੌ ਤੋਂ ਵਧੀਕ ਪੁਸਤਕਾਂ ਬਾਰੇ ਜਾਣਕਾਰੀ ਦਰਜ ਕੀਤੀ ਜਿਨ੍ਹਾਂ ਵਿੱਚੋਂ ਸੱਭ ਤੋਂ ਵੱਧ 306 ਪੰਜਾਬੀ ਵਿਚ, 180 ਅੰਗਰੇਜ਼ੀ ਵਿਚ ਅਤੇ 25 ਹਿੰਦੀ ਵਿਚ ਹਨ। ਇਨ੍ਹਾਂ ਪੁਸਤਕਾਂ ਦੀ ਗਿਣਤੀ ਅਨੁਸਾਰ 100 ਪੰਨਿਆਂ ਵਿਚ ਫ਼ੈਲੀ ਇਸ ਪੁਸਤਕਾਵਲੀ ਵਿਚ ਪੰਜਾਬੀ ਪੁਸਤਕਾਂ ਲਈ 34, ਅੰਗਰੇਜ਼ੀ ਦੀਆਂ ਲਈ 23 ਅਤੇ ਹਿੰਦੀ ਦੀਆਂ ਪੁਸਕਾਂ ਨੂੰ 3 ਪੰਨੇ ਦਿੱਤੇ ਗਏ ਹਨ। ਪਾਠਕਾਂ ਦੀ ਸਹੂਲਤ ਲਈ ਤਿੰਨਾਂ ਭਾਸਾਵਾਂ ਵਿਚ ਛਪੀਆਂ ਇਨ੍ਹਾਂ ਪੁਸਤਕਾਂ ਬਾਰੇ ਜਾਣਕਾਰੀ ਇਸ ਪੁਸਤਕਾਵਲੀ ਵਿੱਚੋਂ ਲੱਭਣ ਲਈ ਇਨ੍ਹਾਂ ਦੇ ਲੇਖਕਾਂ ਅਤੇ ਸਿਰਲੇਖਾਂ ਦੀਆਂ ਵਿਸਤ੍ਰਿਤ ਅਨੁਕ੍ਰਮਿਕਾਵਾਂ (Author Index and Title Index) ਦਿੱਤੀਆਂ ਗਈਆਂ ਹਨ ਜੋ ਪੰਨਾਂ 67 ਤੋਂ 100 ਤੀਕ ਚੱਲਦੀਆਂ ਹਨ। ਇਹ ਅਨੁਕ੍ਰਮਿਕਾਵਾਂ ਅਜਿਹੀਆਂ ਖੋਜ-ਸਰੋਤ ਪੁਸਤਕਾਵਲੀਆਂ ਦੀ ਵਿਸ਼ੇਸਤਾਂ ਹੁੰਦੀਆਂ ਹਨ। ਪੁਸਤਕਾਵਲੀ ਦੇ ਆਰੰਭ ਵਿਚ ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਡਾ. ਜਗਬੀਰ ਸਿੰਘ ਅਤੇ ਮਨਮੋਹਨ ਵੱਲੋਂ ਲਿਖੇ ਗਏ ਮੁੱਖ-ਬੰਦ ਇਸ ਨੂੰ ਹੋਰ ਵੀ ਚਾਰ ਚੰਨ ਲਾਉਂਦੇ ਹਨ। ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ ਛਾਪੀ ਗਈ ਇਸ ਖ਼ੂਬਸੂਰਤ ਪੁਸਤਕਾਵਲੀ ਨੂੰ ਪੁਸਤਕ-ਜਗਤ ਵਿਚ ਪ੍ਰਵੇਸ਼ ਕਰਨ ਲਈ ਨਿੱਘੀ 'ਜੀ-ਆਇਆਂ'।

ਇਸ ਪੁਸਤਕਾਵਲੀ ਨੂੰ ਤਿਆਰ ਕਰਨ ਦਾ ਉਦੇਸ਼ ਇਸ ਦੇ ਸੰਗ੍ਰਿਹ-ਕਰਤਾਵਾਂ ਵੱਲੋਂ "ਗੁਰੂ ਤੇਗ਼ ਬਹਾਦਰ ਜੀ ਨਾਲ ਸਬੰਧਿਤ ਪੁਸਤਕਾਂ ਬਾਰੇ ਪਾਠਕਾਂ ਨੂੰ ਵਿਉਂਤਬੰਧਕ ਢੰਗ ਨਾਲ ਜਾਣਕਾਰੀ ਦੇਣਾ ਹੈ ਜੋ ਵੱਖ-ਵੱਖ ਲਾਇਬ੍ਰੇਰੀਆਂ ਵਿਚ ਮੌਜੂਦ ਹਨ" ਅਤੇ ਮੇਰੀ ਜਾਚੇ ਇਸ ਵਿਚ ਉਹ ਕਾਫ਼ੀ ਹੱਦ ਤੀਕ ਸਫ਼ਲ ਹੋਏ ਹਨ। ਇਸ ਦੇ ਨਾਲ਼ ਹੀ ਇਸ ਪੁਸਤਕਾਵਲੀ ਨੂੰ ਤਿਆਰ ਕਰਨ ਵਾਲੇ ਤਿੰਨਾਂ ਵਿਦਵਾਨਾਂ ਬਾਰੇ ਜਾਣਕਾਰੀ ਸਾਂਝੀ ਕਰਨੀ ਵੀ ਅਤੀ ਜ਼ਰੂਰੀ ਹੈ। ਡਾ. ਰਵੀ ਰਵਿੰਦਰ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਹਨ ਅਤੇ ਡਾ. ਸੁਖਦੇਵ ਸਿੰਘ ਤੇ ਡਾ. ਹਰੀਸ਼ ਚੰਦਰ ਕ੍ਰਮਵਾਰ ਹਿਮਾਚਲ ਯੂਨੀਵਰਸਿਟੀ, ਸ਼ਿਮਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਵਿਭਾਗਾਂ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਵਜੋਂ ਬਾਖ਼ੂਬੀ ਸੇਵਾਵਾਂ ਨਿਭਾਅ ਰਹੇ ਹਨ। ਡਾ. ਸੁਖਦੇਵ ਸਿੰਘ ਤੇ ਡਾ. ਹਰੀਸ਼ ਚੰਦਰ ਨੇ ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਵਰ੍ਹੇ ਉਨ੍ਹਾਂ ਨਾਲ ਸਬੰਧਿਤ ਪੁਸਤਕਾਂ ਦੀ 'ਵੈੱਬਲਿਓਗ੍ਰਾਫ਼ੀ' (2018) ਅਤੇ 'ਪੰਜਾਬੀ ਪੁਸਤਕ ਕੋਸ਼' (2019) ਪ੍ਰਕਾਸ਼ਿਤ ਕਰਕੇ ਬਹੁਤ ਖ਼ੂਬਸੂਰਤ ਕੰਮ ਕੀਤਾ ਹੈ। ਹੱਥਲੀ ਪੁਸਤਕਾਵਲੀ ਲਿਆਉਣ ਦਾ ਇਹ ਉਨ੍ਹਾਂ ਤਿੰਨਾਂ ਦਾ ਸ਼ਲਾਘਾਯੋਗ ਉਪਰਾਲਾ ਹੈ। ਮੈਂ ਇਨ੍ਹਾਂ ਤਿੰਨਾਂ ਵਿਦਵਾਨਾਂ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਅੱਗੋਂ ਵੀ ਅਜਿਹੇ ਸਾਰਥਿਕ ਕਾਰਜ ਕਰਦੇ ਰਹਿਣਗੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਐਸੋਸੀਏਸ਼ਨ ਆਫ਼ ਸੀਨੀਅਰਜ਼ ਨੇ ਮੇਅਰ ਪੈਟ੍ਰਿਕ ਬਰਾਊਨ ਕੋਲ ਸੀਨੀਅਰਜ਼ ਦੀਆਂ ਮੰਗਾਂ ਉਠਾਈਆਂ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਐਸੋਸੀਏਸ਼ਨ ਆਫ਼ ਸੀਨੀਅਰਜ਼ ਦੀ ਕਾਰਜਕਾਰਨੀ ਦੇ ਵਫ਼ਦ ਨੇ ਬੀਤੇ ਦਿਨੀਂ ਪ੍ਰਧਾਨ ਹਰਦਿਆਲ ਸਿੰਘ ਸੰਧੂ ਦੀ ਅਗਵਾਈ ਵਿਚ ਬਰੈਂਪਟਮ ਦੇ ਮੇਅਰ ਪੈਟ੍ਰਿਕ ਬਰਾਊਨ ਨਾਲ ਉਨ੍ਹਾਂ ਦੇ ਦਫ਼ਤਰ ਵਿਚ ਮੁਲਾਕਾਤ ਕਰਕੇ ਸੀਨੀਅਰਾਂ ਦੀਆਂ ਬਰੈਂਪਟਨ ਸ਼ਹਿਰ ਨਾਲ ਸਬੰਧਿਤ ਮੰਗਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀਆਂ ਗਈਆਂ। ਵਫ਼ਦ ਵਿਚ ਪ੍ਰਧਾਨ ਹਰਦਿਆਲ ਸਿੰਘ ਸੰਧੂ ਦੇ ਨਾਲ ਜੰਗੀਰ ਸਿੰਘ ਸੈਂਹਬੀ, ਕਰਤਾਰ ਸਿੰਘ ਚਾਹਲ ਅਤੇ ਨਿਰਮਲ ਸਿੰਘ ਧਾਰਨੀ ਸਾਂਮਲ ਸਨ। ਮੀਟਿੰਗ ਦੇ ਦੌਰਾਨ ਮੇਅਰ ਦੇ ਪੀ.ਏ. ਕੁਲਦੀਪ ਸਿੰਘ ਗੋਲੀ ਵੀ ਹਾਜ਼ਰ ਰਹੇ। ਮੇਅਰ ਸਾਹਿਬ ਵੱਲੋਂ ਸੀਨੀਅਰਜ਼ ਦੀਆਂ ਮੰਗਾਂ ਨੂੰ ਬੜੀ ਹਮਦਰਦੀ ਨਾਲ ਸੁਣਿਆਂ ਗਿਆ ਅਤੇ ਸੀਨੀਅਰਾਂ ਦੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।




ਇਸ ਮੁਲਾਬਾਤ ਦੌਰਾਨ ਮੇਅਰ ਪੈਟ੍ਰਿਕ ਬਰਾਊਨ ਨੇ ਦੱਸਿਆ ਕਿ ਉਨ੍ਹਾਂ ਨੇ ਸੀਨੀਅਰਜ਼ ਨੂੰ ਮੁਫ਼ਤ ਬੱਸ ਸਰਵਿਸ ਦੇਣ ਦਾ ਵਾਅਦਾ ਪੂਰਾ ਕਰ ਦਿੱਤਾ ਹੈ ਪਰ ਕਰੋਨਾ ਦੇ ਨਵੇਂ-ਨਵੇਂ ਰੂਪ ਆਉਣ ਕਾਰਨ ਅਜੇ ਪਾਬੰਦੀਆਂ ਜਾਰੀ ਰਹਿਣ ਕਰਕੇ ਅਜੇ ਇਹ ਲਾਗੂ ਨਹੀਂ ਕੀਤੀ ਜਾ ਸਕੀ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਮਾਰਚ ਤੱਕ ਸੀਨੀਅਰਾਂ ਲਈ ਮੁਫ਼ਤ ਸਫ਼ਰ ਦੀ ਸਹੂਲਤ ਲਾਗੂ ਹੋ ਜਾਏਗੀ। ਉਨ੍ਹਾਂ ਇਹ ਵੀ ਦੱਸਿਆ ਕਿ ਰਿਵਰ ਸਟੋਨ ਕਮਿਊਨਿਟੀ ਸੈਂਟਰ ਅਪ੍ਰੈਲ ਤੀਕ ਚਾਲੂ ਹੋ ਜਾਏਗਾ ਜਿਸ ਵਿਚ ਸੀਨੀਅਰਜ਼ ਦੀ ਇਸ ਐਸੋਸੀਏਸ਼ਨ ਨੂੰ ਵੀ ਇਕ ਕਮਰਾ ਦਿੱਤਾ ਜਾਏਗਾ। ਇਸ ਵਿਚ ਫ਼ਲਾਵਰ ਸਿਟੀ ਵਾਂਗ ਮੀਟਿੰਗਾਂ ਹੋ ਸਕਣਗੀਆਂ ਅਤੇ ਕੌਂਸਲਰ ਇਨ੍ਹਾਂ ਮੀਟਿੰਗਾਂ ਵਿਚ ਹਾਜ਼ਰੀ ਭਰਿਆ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਐਕਟਿਵ ਅਸਿਸਟੈਂਸ ਪ੍ਰੋਗਰਾਮਾਂ ਬਾਰੇ ਜਨਵਰੀ ਵਿਚ ਹੋਣ ਵਾਲੀ ਮੀਟਿੰਗ ਜਿਹੜੀ ਕਿ ਪ੍ਰੋਗਰਾਮ ਡਾਇਰੈੱਕਟਰ ਅਨੰਦ ਪਟੇਲ ਨਾਲ ਹੋਵੇਗੀ ਜਿਸ ਵਿਚ ਫ਼ੈਸਲਾ ਕਰ ਦਿੱਤਾ ਜਾਏਗਾ ਜਿਸ ਦੇ ਅਧਾਰ 'ਤੇ ਹਰ ਜੋੜੇ ਨੂੰ ਸਹਾਇਤਾ ਮਿਲੇਗੀ।

ਮੇਅਰ ਬਰਾਊਨ ਨਾਲ ਇਹ ਮੀਟਿੰਗ ਬੜੇ ਸਦਭਾਵਨਾ ਭਰੇ ਮਾਹੌਲ ਵਿਚ ਹੋਈ। ਐਸੋਸੀਏਸ਼ਨ ਦੇ ਵਫ਼ਦ ਨੇ ਮੇਅਰ ਅਤੇ ਇਹ ਮੀਟਿੰਗ ਵਿਚ ਸਹਾਇਤਾ ਕਰਨ ਵਾਲੇ ਮੇਅਰ ਦੇ ਪੀ.ਏ. ਕੁਲਦੀਪ ਸਿੰਘ ਗੋਲੀ ਦਾ ਹਾਰਦਿਕ ਧੰਨਵਾਦ ਕੀਤਾ।

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਆਇਆ ਕਰੋਨਾ - ਸਕੂਲ ਬੰਦ, ਰੈਲੀਆਂ ਚਾਲੂ !

ਕਰੋਨਾ ਦਾ ਕਹਿਰ ਫੇਰ ਤੋਂ ਸ਼ੁਰੂ ਹੋ ਚੁੱਕਾ ਹੈ। ਲਗਾਤਾਰ ਕੇਸਾਂ ਚ ਇਜਾਫਾ ਹੋ ਰਿਹਾ ਏ, ਦਿੱਲੀ ਦੇ ਮੁੱਖਮੰਤਰੀ ਜੋ ਕੱਲ੍ਹ ਹੀ ਵੱਡੀ ਚੋਣ ਰੈਲੀ ਨੂੰ ਸੰਬੋਧਨ ਕਰਕੇ ਆਏ ਸਨ, ਕਰੋਨਾ ਪਾਜਿਟਿਵ ਹੋ ਗਏ ਹਨ ਤੇ ਨਾਲ ਹੀ ਪੰਜਾਬ ਵਿੱਚ ਵੀ ਕਰੋਨਾ ਵਿਸਫੋਟ ਹੋ ਗਿਆ ਏ। ਜਿਸ ਕਾਰਣ ਪਹਿਲਾਂ ਦਿੱਲੀ 'ਚ ਤੇ ਫੇਰ ਹੁਣ ਪੰਜਾਬ 'ਚ ਵੀ ਸਕੂਲ, ਕਾਲਜ ਤੇ ਸਮੂਹ ਵਿਦਿਅਕ ਅਦਾਰੇ 15 ਜਨਵਰੀ ਤੱਕ ਬੰਦ ਕਰਨ ਦੇ ਹੁਕਮ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਰਾਤ ਦਾ ਕਰਫਿਊ ਤੇ ਹੋਰ ਵੀ ਹੋਟਲ-ਸਿਨੇਮੇ ਵਗੈਰਾ ਤੇ ਵੀ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਹਨ। ਕਰੋਨਾ ਤੋਂ ਪਹਿਲਾਂ ਈ ਝੰਬੇ ਹੋਏ ਹੋਟਲ-ਰੈਸਟੋਰੈਂਟ ਮਾਲਕ, ਸਿਨੇਮਾ ਸੰਚਾਲਕ, ਪ੍ਰਾਈਵੇਟ ਸਕੂਲ ਸਟਾਫ ਤੇ ਮੈਨੇਜਮੈਂਟ ਤੇ ਹੋਰ ਦੁਕਾਨਦਾਰ ਤੇ ਪ੍ਰਾਈਵੇਟ ਮੁਲਾਜ਼ਮਾਂ ਦੀ ਗੱਡੀ ਮਸਾਂ ਤਾਂ ਲੀਹ ਤੇ ਆਉਂਦੀ ਜਾਪ ਰਹੀ ਸੀ ਕਿ ਕਰੋਨਾ ਨੇ ਫੇਰ ਤੋਂ ਹਮਲਾ ਕਰ ਦਿੱਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਰੋਨਾ ਬਹੁਤ ਈ ਖਤਰਨਾਕ ਲਾਗ ਦੀ ਬੀਮਾਰੀ ਏ ਤੇ ਦੇਸ਼ ਨੂੰ ਬਚਾਉਣ ਲਈ ਪਾਬੰਦੀਆਂ ਵੀ ਲਾਜ਼ਮੀ ਹਨ ਪਰ ਵੱਡਾ ਸਵਾਲ ਹੈ ਕਿ ਕੀ ਕਰੋਨਾ ਸਿਰਫ ਸਕੂਲ-ਕਾਲਜ ਜਾਂ ਹੋਟਲ-ਸਿਨੇਮੇ ਚ ਈ ਫੈਲਦਾ ਏ ?

ਅੱਜ ਬੜੀ ਹੀ ਹਾਸੋਹੀਣੀ ਸਥਿਤੀ ਸੀ, ਜਦੋਂ ਵੱਖ-ਵੱਖ ਨਿਊਜ ਚੈਨਲਾਂ ਤੇ ਥੱਲੇ ਬਣੀ ਪੱਟੀ ਤੇ ਬਰੇਕਿੰਗ ਨਿਊਜ ਚ ਲਿਖਿਆ ਆ ਰਿਹਾ ਸੀ ਕਿ ਕਰੋਨਾ ਕਾਰਨ ਫੇਰ ਤੋਂ ਪਾਬੰਦੀਆਂ ਲਾਗੂ ਤੇ ਸਕੂਲ-ਕਾਲਜ ਬੰਦ ਤੇ ਉਸੇ ਸਮੇਂ ਮੁੱਖ ਮੰਤਰੀ ਸਾਬ੍ਹ ਮੋਰਿੰਡਾ ਚ ਹਜ਼ਾਰਾਂ ਲੋਕਾਂ ਦੇ ਇਕੱਠ ਨੂੰ ਲਾਈਵ ਸੰਬੋਧਨ ਕਰ ਰਹੇ ਸਨ ਤੇ ਅਗਲੀ ਖਬਰ ਚ ਦੱਸਿਆ ਗਿਆ ਕਿ ਕੱਲ੍ਹ ਨੂੰ ਸਾਡੇ ਦੇਸ਼ ਦੇ ਪ੍ਰਧਾਨਮੰਤਰੀ ਜੀ ਫਿਰੋਜ਼ਪੁਰ ਚ 12 ਕਿਲਿਆਂ 'ਚ ਬਣਾਏ ਗਏ ਪੰਡਾਲ 'ਚ ਲੱਖਾਂ ਲੋਕਾਂ ਨੂੰ ਸੰਬੋਧਨ ਕਰਨਗੇ। ਮੈਨੂੰ ਤਾਂ ਲੱਗਦਾ ਏ ਕਰੋਨਾ ਰਾਜਨੀਤਿਕ ਰੈਲੀਆਂ ਤੋਂ ਡਰਦਾ ਹੈ ਜਾਂ ਹੋ ਸਕਦਾ ਏ ਰਾਜਨੀਤਿਕ ਰੈਲੀਆਂ 'ਚ ਕੋਈ ਵੱਖਰਾ ਈ ਸੈਨੀਟਾਈਜਰ ਹੁੰਦਾ ਏ, ਜੋ ਕਰੋਨਾ ਨਹੀਂ ਫੈਲਣ ਦਿੰਦਾ। ਪਿਛਲੇ ਸਾਲ ਵੀ ਲੋਕ ਜਦੋਂ ਆਪਣੇ ਸਾਰੇ ਕੰਮਕਾਰ ਬੰਦ ਕਰਕੇ ਘਰੇ ਬੈਠ ਟੀ ਵੀ ਤੇ ਬੰਗਾਲ ਦੀਆਂ ਵੱਡੀਆਂ ਰੈਲੀਆਂ ਵੇਖ ਰਹੇ ਸਨ ਤਾਂ ਅੰਦਰੋ-ਅੰਦਰੀ ਝੁਰਦੇ ਸਨ।




ਸਾਡੇ ਦੇਸ਼ ਦੀ ਇਹ ਤ੍ਰਾਸਦੀ ਰਹੀ ਏ ਕਿ ਵੱਖ-ਵੱਖ ਰਾਜਨੀਤਕ ਦਲ ਆਪਣੇ ਨਿੱਜੀ ਹਿਤਾਂ ਲਈ ਮਿੰਟਾਂ ਚ ਇਕ ਹੋ ਜਾਂਦੇ ਹਨ। ਹੁਣ ਜਦੋਂ ਪੂਰੇ ਦੇਸ਼ ਚ ਪਾਬੰਦੀਆਂ ਲੱਗ ਰਹੀਆਂ ਹਨ ਤਾਂ ਇਹਨਾਂ ਚੋਣ ਰੈਲੀਆਂ ਦੀ ਇਜਾਜ਼ਤ ਕਿਉਂ ਦਿੱਤੀ ਜਾ ਰਹੀ ਹੈ। ਇਕ ਪਾਸੇ ਤਾਂ ਸਰਕਾਰਾਂ ਬੱਚਿਆਂ ਦੀ ਪੜ੍ਹਾਈ ਦੇ ਹੋ ਰਹੇ ਵੱਡੇ ਨੁਕਸਾਨ ਦੀ ਪ੍ਰਵਾਹ ਨਾ ਕਰਦੇ ਹੋਏ ਵਿਦਿਅਕ ਅਦਾਰੇ ਬੰਦ ਕਰ ਰਹੀ ਏ ਤੇ ਦੂਜੇ ਪਾਸੇ ਸ਼ੌਕ ਚ ਚੋਣ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਕ ਆਮ ਆਦਮੀ ਤੇ ਕਰੋਨਾ ਦੇ ਨਾਮ ਤੇ ਪਾਬੰਦੀਆਂ ਲਗਾ ਕੇ ਉਸਦੇ ਰੁਜ਼ਗਾਰ ਨੂੰ ਖਤਮ ਕਰਨਾ ਕਿੱਥੋਂ ਤੀਕ ਜਾਇਜ ਏ। ਜੇਕਰ ਸੋਸ਼ਲ ਡਿਸਟੈਂਸਿੰਗ ਰਾਹੀਂ ਜਮਾਤ ਵਾਈਜ ਘੱਟ ਗਿਣਤੀ ਨਾਲ ਸਕੂਲ-ਕਾਲਜ ਚੱਲਦੇ ਰਹਿਣ ਤਾਂ ਹਰਜ ਕੀ ਏ ? ਕੀ ਕਰੋਨਾ ਵੀ ਸਰਕਾਰ ਦੇ ਹੁਕਮਾਂ ਅਨੁਸਾਰ ਵਿਸ਼ੇਸ਼ ਥਾਵਾਂ ਤੇ ਹੀ ਫੈਲਦਾ ਹੈ ਜਾਂ ਕਰੋਨਾ ਵੀ ਸਰਕਾਰੀ ਮੁਲਾਜ਼ਮ ਏ ਜੋ ਰਾਜਨੀਤਿਕ ਰੈਲੀਆਂ ਚ ਨਹੀਂ ਜਾ ਸਕਦਾ ?

ਸਰਕਾਰ ਜੀ, ਜਦੋਂ ਵੀ ਪਾਬੰਦੀਆਂ ਲਗਾਈਆਂ ਜਾਣ ਤਾਂ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਵੱਡੀਆਂ ਭੀੜਾਂ ਹੋਣ ਤੇ ਸਭ ਤੋਂ ਪਹਿਲਾਂ ਰੋਕ ਲਗਾਈ ਜਾਵੇ। ਪਾਬੰਦੀਆਂ ਲਗਾਉਣ ਸਮੇਂ ਇਹ ਵੀ ਵੇਖਿਆ ਜਾਵੇ ਕਿ ਕੀ ਬੰਦ ਕਰਨਾ ਜਰੂਰੀ ਏ ਤੇ ਕੀ ਗੈਰਜਰੂਰੀ ? ਹਰ ਬੰਦਾ ਸਰਕਾਰੀ ਮੁਲਾਜ਼ਮ ਜਾਂ ਵਿਧਾਇਕ-ਸਾਂਸਦ ਜਾਂ ਪੈਨਸ਼ਨ ਲੈਣ ਵਾਲਾ ਰਿਟਾਇਰਡ ਵਿਅਕਤੀ ਨਹੀਂ ਹੈ, ਜਿਸਲਈ ਲੋਕਡੋਨ ਆਨੰਦ ਮਾਣਨ ਦਾ ਵੇਲਾ ਹੁੰਦਾ ਹੈ, ਇੱਥੇ ਕਿਸੇ ਨੇ ਆਪਣਾ ਭਵਿੱਖ ਕਮਾਉਣਾ ਏ ਤੇ ਕਿਸੇ ਨੇ ਆਪਣੇ ਬੱਚਿਆਂ ਲਈ ਸੱਜਰੀ ਰੋਟੀ । ਇਸ ਮਹਾਂਮਾਰੀ ਨੂੰ ਰੋਕਣ ਲਈ ਸਰਕਾਰ ਨੂੰ ਇਨਕਲਾਬੀ ਕਦਮ ਉਠਾਉਣੇ ਚਾਹੀਦੇ ਹਨ ਪਰ ਇਸ ਤਰਾਂ ਦੀਆਂ ਹਾਸੋਹੀਣੀਆਂ ਪੱਖਪਾਤੀ ਪਾਬੰਦੀਆਂ ਤੇ ਪ੍ਰਬੰਧ ਆਮ ਲੋਕਾਂ ਚ ਬੈਚੇਨੀ ਤੇ ਅਸੰਤੋਸ਼ ਪੈਦਾ ਕਰਦੀਆਂ ਹਨ। ਮੈਂ ਆਸ ਕਰਦਾ ਹਾਂ ਕਿ ਸਰਕਾਰ ਅੱਜ ਤੋਂ ਹੀ ਹਰੇਕ ਤਰਾਂ ਦੇ ਰਾਜਨੀਤਿਕ ਇਕੱਠ ਤੇ ਸਖਤੀ ਨਾਲ ਰੋਕ ਲਗਾ ਕੇ, ਲੋਕਾਂ ਚ ਆਪਣੀ ਭਰੋਸੇਯੋਗਤਾ ਕਾਇਮ ਰੱਖੇਗੀ।

*-ਅਸ਼ੋਕ ਸੋਨੀ, ਕਾਲਮਨਵੀਸ*
*ਖੂਈ ਖੇੜਾ, ਫਾਜ਼ਿਲਕਾ*
*9872705078*

# ਨਾਟਕ 'ਖੁਸਰੇ' ਲਿਖਣ ਤੋਂ ਪਹਿਲਾਂ

-ਸੰਜੀਵਨ ਸਿੰਘ



ਸੰਜੀਵਨ ਸਿੰਘ
#2249, ਫੇਜ਼-10, ਮੋਹਾਲੀ
94174-60656

ਮੈਨੂੰ ਆਪਣੀ ਇਹ ਕਮਜ਼ੋਰੀ ਸਵੀਕਾਰ ਕਰਨ ਵਿਚ ਕੋਈ ਝਿਜਕ ਨਹੀਂ ਹੈ ਕਿ ਮੈਨੂੰ ਪੜ੍ਹਣ ਦਾ ਝੱਸ/ਝੱਲ ਜਿਹਾ ਨਹੀਂ ਹੈ। ਮੈਨੂੰ ਮੇਰੇ ਤਾਇਆ ਜੀ (ਸੰਤੋਖ ਸਿੰਘ ਧੀਰ) ਨੇ ਅਨੇਕਾਂ ਵਾਰ ਕਿਹਾ, " ਨਾ ਕੇਵਲ ਨਾਟਕ ਬਲਕਿ ਹਰ ਕਿਸਮ ਦਾ ਵਿਸ਼ਵ ਪੱਧਰੀ ਸਾਹਿਤ ਪੜ੍ਹਣਾਂ ਤੇਰੇ ਲਈ ਬਹੁਤ ਹੀ ਲਾਜ਼ਮੀ ਹੈ। ਕਿਉਂਕਿ ਤੂੰ ਨਾਟਕ ਲਿਖਦੈ।" ਮੈਂ ਉਨ੍ਹਾਂ ਦੀ ਗੱਲ ਅਣਸੁਣੀ ਕਰ ਦੇਣੀ।

ਪਰ ਤਾਇਆ ਜੀ ਨੂੰ ਜਦ ਵੀ ਮੈਂ ਮਿਲਿਆ/ਦੇਖਿਆ, ਉਹ ਕੁੱਝ ਨਾ ਕੁੱਝ ਲਿਖ/ਪੜ੍ਹ ਰਹੇ ਹੁੰਦੇ। ਮੈਂ ਕਈ ਵਾਰ ਕਹਿਣਾ, "ਭਾਪਾ ਜੀ (ਜ਼ਿੰਦਗੀ ਦੇ ਪਹਿਲੇ ਕੁੱਝ ਸਾਲ ਤਾਇਆਂ ਜੀ ਕੋਲ ਪਿੰਡ ਰਹਿਣ ਕਾਰਣ ਮੈਂ ਤਾਇਆ ਜੀ ਨੂੰ ਭਾਪਾ ਤੇ ਤਾਈ ਜੀ ਨੂੰ ਬੀਬੀ ਕਹਿਣਾ। ਉਨਾਂ ਦੇ ਬੱਚਿਆ ਦੀ ਰੀਸ ਆਪਣੇ ਮੰਮੀ-ਡੈਡੀ ਨੂੰ ਮੈਂ ਚਾਚਾ-ਚਾਚੀ ਕਹਿਣ ਲੱਗ ਗਿਆ ਸੀ।) ਗਿਆਨ ਨੂੰ ਵੀ ਕਦੇ ਗਿਆਨ ਦੀ ਜ਼ਰੂਰਤ ਹੁੰਦੀ ਹੈ। ਸੂਰਜ ਨੂੰ ਰੌਸ਼ਨੀ ਦੀ, ਫੁੱਲਾਂ ਨੂੰ ਮਹਿਕ ਦੀ ਕੀ ਲੋੜ ਐ ਭਲਾ।" ਉਨ੍ਹਾਂ ਗੰਭੀਰ ਹੋ ਕੇ ਉਂਗਲ ਤਾਣ ਕੇ ਕਹਿਣਾ, "ਬੱਬੂ (ਮੇਰਾ ਘਰ ਦਾ ਨਾਂ) ਦਰਅਸਲ ਗਿਆਨ ਨੂੰ ਹੀ ਗਿਆਨ ਦੀ ਲੋੜ ਹੁੰਦੀ ਹੈ।"

ਇਸ ਕਮਜ਼ੋਰੀ ਦੇ ਬਾਵਜੂਦ ਮੇਰੇ ਵਿਚ ਇਕ ਖ਼ੂਬੀ ਹੈ। ਜਿਹੜੇ ਵਿਸ਼ੇ ਉੱਤੇ ਮੈਂ ਨਾਟਕ ਲਿਖਣਾ ਹੁੰਦੈ। ਉਸ ਬਾਰੇ ਮੈਂ ਹਰ ਕਿਸਮ ਦੀ ਜਾਣਕਾਰੀ/ਲਿਖਤ ਨੂੰ ਬਹੁਤ ਹੀ ਬਾਰੀਕੀ ਨਾਲ ਵਾਚਦਾ/ਘੋਖਦਾ ਹਾਂ। ਉਸ ਵਿਸ਼ੇ ਮੁਤੱਅਲਕ ਹਰ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਜ਼ਮੀਨ-ਪਤਾਲ ਇਕ ਕਰ ਦਿੰਦਾ ਹਾਂ।

ਨਾਟਕ 'ਖੁਸਰੇ' ਲਿਖਣ ਤੋਂ ਪਹਿਲਾਂ, ਤਕਰੀਬਨ ਦੱਸ ਕੁ ਸਾਲ, ਮੈਂ ਸਮਾਜ ਦੇ ਇਸ ਅਣਗੋਲੇ ਤੇ ਤ੍ਰਿਸਕਾਰੇ ਵਰਗ ਬਾਰੇ ਕੋਈ ਵੀ ਲਿਖ਼ਤ, ਜੋ ਮੈਨੂੰ ਮਿਲੀ, ਨਿੱਠਕੇ ਇਕ ਤੋਂ ਵੱਧ ਵਾਰ ਪੜੀ। ਨਾਟਕ 'ਖੁਸਰੇ' ਲਿਖਣ ਤੋਂ ਪਹਿਲਾਂ ਖੁਸਰਿਆਂ ਬਾਰੇ ਲਿਖਤੀ ਜਾਣਕਾਰੀ ਹਾਸਿਲ ਕਰਨ ਤੋਂ ਇਲਾਵਾ ਮੈਂ ਚਾਹੁੰਦਾਂ ਸੀ ਕਿ ਮੈਂ ਖੁਸਰਿਆਂ ਨੂੰ ਜਾ ਕੇ ਮਿਲਾਂ, ਉਨਾਂ ਵਿਚ ਵਿਚਰਾਂ, ਉਨਾਂ ਨਾਲ ਰਹਾਂ, ਉਨਾਂ ਦੇ ਜੀਵਨ ਨੂੰ ਨੇੜਿਓ ਦੇਖਾਂ, ਸਮਝਾਂ, ਮਹਿਸੂਸ ਕਰਾਂ। ਲੱਭ-ਲੱਭਾ ਕੇ ਮੈਨੂੰ ਡੱਡੂ ਮਾਜਰਾ (ਚੰਡੀਗੜ੍ਹ) ਖੁਸਰਿਆਂ ਦੇ ਡੇਰੇ ਦਾ ਪਤਾ ਲੱਗਾ। ਬੜੀ ਮੁਸ਼ਕਿਲ ਨਾਲ ਡੇਰੇ ਦੇ ਮੁੱਖੀ (ਗੁਰੂ) ਨੂੰ ਮਿਲਣ ਦਾ ਸਮਾਂ ਲਿਆ। ਇਕ ਦਿਨ ਮਿਲਣ ਗਿਆ। ਪਰ ਜਦ ਉਸ ਨੂੰ ਪਤਾ ਲੱਗਾ ਕਿ ਮੈਂ ਉਨ੍ਹਾਂ ਬਾਰੇ ਨਾਟਕ ਲਿਖਣ ਲਈ ਉਨ੍ਹਾਂ ਬਾਰੇ ਜਾਨਣਾਂ ਚਾਹੁੰਦਾ ਹਾਂ, ਡੇਰੇ ਦਾ ਗੁਰੂ ਕੰਨੀ ਕਤਰਾਉਂਣ ਲੱਗਾ। ਤਬੀਅਤ ਠੀਕ ਨਾ ਹੋਣ ਦਾ ਬਹਾਨਾ ਕਰਕੇ ਫੇਰ ਕਿਸੇ ਦਿਨ ਆਉਣ ਲਈ ਕਹਿਕੇ ਖਹਿੜਾ ਛੁਡਾ ਲਿਆ।

ਜਦ ਵੀ ਮੈਂ ਫੋਨ ਕਰਨਾਂ ਤਾਂ ਅੱਗੋ ਜਵਾਬ ਮਿਲਣਾਂ, " ਅੱਜ ਨੀ ਕੱਲ ਆਇਓ, ਮਾਈ ਦੀ ਤਬੀਅਤ ਠੀਕ ਨੀ ਜਾਂ ਮਾਈ ਬਿਜ਼ੀ ਐ।" ਇਕ ਹੀ ਜਵਾਬ ਸੁਣ ਕੇ ਮੇਰੇ ਕੰਨ ਪੱਕ ਚੁੱਕੇ ਸਨ, ਮੈਂ ਅੱਕ ਤੇ ਥੱਕ ਚੁੱਕਾ ਸੀ। ਪਰ ਉਨ੍ਹਾਂ ਦੀ ਕੱਲ ਆਉਣ ਵਿਚ ਨਹੀਂ ਸੀ ਆ ਰਹੀ। ਮੈਂ ਬੜਾ ਪ੍ਰੇਸ਼ਾਨ, ਕੀ ਕੀਤਾ ਜਾਵੇ? ਇਕ ਵਾਰ ਦਾ ਤਾਂ ਨਾਟਕ ਲਿਖਣ ਦਾ ਇਰਾਦਾ ਤਿਆਗਣ ਦੀ ਖ਼ਿਆਲ ਵੀ ਆਇਆ। ਪਰ ਫੇਰ ਸੋਚਿਆ ਸਮਾਜ ਵੱਲੋਂ ਸਦੀਆਂ ਤੋਂ ਦੁਰਕਾਰਿਆ ਤੇ ਛੇਕਿਆ ਵਰਗ ਐਨੀ ਛੇਤੀ ਮੇਰੇ ਨਾਲ ਕਿਵੇਂ ਤੇ ਕਿਉਂ ਘੁੱਲ-ਮਿਲ ਜਾਵੇਗਾ।

ਮੈਂ ਹਿੰਮਤ ਨਹੀਂ ਹਾਰੀ, ਯਤਨ ਜਾਰੀ ਰੱਖੇ। ਬਾਪੂ-ਧਾਮ ਕਲੋਨੀ, ਸੈਕਟਰ 26 ਵਿਚ ਇਕ ਹੋਰ ਖੁਸਰਿਆਂ ਦੇ ਡੇਰੇ ਦਾ ਪਤਾ ਲੱਗਿਆ। ਉਸ ਡੇਰੇ ਦਾ ਮਹੰਤ ਮਧੂ (ਮਰਹੂਮ) ਸੀ। ਕਿਸੇ ਵਾਕਿਫ਼ ਤੋਂ ਮਧੂ ਦਾ ਫ਼ੋਨ ਪ੍ਰਾਪਤ ਕੀਤਾ, ਮਧੂ ਨੂੰ ਫ਼ੋਨ ਕਰਕੇ ਮਿਲਣ ਦਾ ਸਮਾਂ ਲੈ ਕੇ ਮੈਂ ਤੇ ਕੁੱਕੂ (ਰੰਗਮੰਚ ਤੇ ਫਿਲਮਾਂ ਦਾ ਅਦਾਕਾਰ ਸੰਜੀਵ ਦੀਵਾਨ 'ਕੁੱਕੂ) ਬਾਪੂ-ਧਾਮ ਕਲੋਨੀ ਖੁਸਰਿਆਂ ਦੇ ਡੇਰੇ ਮਧੂ ਨੂੰ ਮਿਲਣ ਚਲੇ ਗਏ। ਪੁੱਛ-ਪੁਛਾ ਕੇ ਇਕ ਖਸਤਾ-ਹਾਲ ਕੁਆਟਰ ਮੂਹਰੇ ਪਹੁੰਚੇ। ਪੌੜੀਆਂ ਚੜ੍ਹ ਕੇ ਇਕ ਲੋਹੇ ਦਾ ਗੇਟ ਆਇਆ। ਮੈਂ ਅੱਗੇ ਸੀ ਤੇ ਕੁੱਕੂ ਮੇਰੇ ਪਿੱਛੇ। ਗੇਟ ਕੋਲ ਲੱਗੀ ਘੰਟੀ ਮਾਰੀ, ਇਕ ਆਦਮ-ਕੱਦ ਕੁੱਤਾ ਝੱਈਆਂ ਲੈ ਕੇ ਪੈ ਗਿਆ। ਅਸੀਂ ਘਬਰਾ ਕੇ ਪਿੱਛੇ ਹੱਟ ਗਏ। ਕੁੱਝ ਦੇਰ ਬਾਅਦ ਫੇਰ ਘੰਟੀ ਮਾਰੀ। ਕੁੱਤਾ ਲਾਗਾਤਾਰ ਭੌਂਕ ਰਿਹਾ ਸੀ। ਇਸ ਦੌਰਾਨ ਇਕ ਕਾਲੇ ਜੇਹੇ ਰੰਗ ਦਾ ਬੰਦਾ ਆਇਆ, ਜਿਸ ਨੇ ਬੇਢੱਬੇ ਤੇ ਬੇਤਰੀਬੇ ਜੇਹੇ ਕਪੜੇ ਪਾਏ ਹੋਏ ਸਨ, ਉਸ ਦੇ ਬਾਲ ਖਿੱਲਰੇ ਹੋਏ ਸਨ, ਮੂੰਹ ਦਾ ਇਕ ਹਿੱਸਾ ਜਲਿਆ ਹੋਇਆ ਸੀ। ਉਹ ਭਾਰੀ ਅਵਾਜ਼ ਵਿਚ ਗੁਰਗੁੱਰਾਇਆ, " ਕਿਸ ਕੋ ਮਿਲਣਾ ਹੈ?" ਕੁੱਤੇ ਦੇ ਲਗਾਤਾਰ ਭੌਂਕਣ ਅਤੇ ਉਸ ਬੰਦੇ ਦੀ ਖਤਰਨਾਕ ਸ਼ਕਲ-ਸੂਰਤ ਨੇ ਮੇਰੀ ਘਬਰਾਹਟ ਵਿਚ ਵਾਧਾ ਕੀਤਾ। ਮੈਂ ਆਪਣੀ ਘਬਾਰਾਹਟ ਲੁਕਾਉਂਦੇ ਬੜੀ ਮੁਸ਼ਕਲ ਨਾਲ ਕਿਹਾ, " ਮਧੂ ਜੀ ਨੂੰ ਮਿਲਣਾ ਐ।" ਉਸ ਆਦਮੀ ਨੇ ਰੁੱਖੇ ਲਹਿਜ਼ੇ ਵਿਚ ਕਿਹਾ," ਇਧਰ ਹੀ ਰੁੱਕੋ, ਮੈਂ ਪੁੱਛ ਕੇ ਆਤਾ ਹੂੰ।" ਐਨਾ ਕਹਿਕੇ ਉਹ ਆਦਮੀ ਅੰਦਰ ਚੱਲਾ ਗਿਆ। ਕੁੱਤਾ ਬਿਨ੍ਹਾਂ ਸਾਹ ਲਏ ਲਗਾਤਾਰ ਭੌਂਕ ਕੇ ਆਪਣੀ ਡਿਊਟੀ ਨਿਭਾਅ ਰਿਹਾ ਸੀ।

ਕੁੱਝ ਰਾਹਤ ਹਾਸਿਲ ਕਰਨ ਲਈ ਮੈਂ ਪਿੱਛੇ ਮੁੜ ਕੇ ਕੁੱਕੂ ਵੱਲ ਦੇਖਿਆ, ਦੇਖਦੇ ਸਾਰ ਮੇਰੀ ਸਿੱਟੀ-ਪਿੱਟੀ ਗੁੰਮ ਹੋ ਗਈ। ਕੁੱਕੂ 'ਭਾਜੀ' ਰਫੂ-ਚੱਕਰ ਹੋ ਚੁੱਕੇ ਸਨ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਕੁਦਰਤੀ ਸੀ। ਮੈਂ ਸੁਣਿਆਂ ਹੋਇਆ ਸੀ, ਖੁਸਰੇ ਆਦਮੀ ਦਾ ਲਿੰਗ ਵੱਢ ਕੇ ਖੁਸਰਾ ਬਣਾ ਦਿੰਦੇ ਹਨ। "ਨਹੀਂ ਨਹੀਂ, ਇਹ ਕਿਵੇਂ ਹੋ ਸਕਦੈ, ਮੈਂ ਨਾਟਕਕਾਰ ਆਂ, ਇਨ੍ਹਾਂ ਬਾਰੇ ਨਾਟਕ ਲਿਖਣੈ, ਇਹ ਮੇਰੇ ਨਾਲ ਆਏਂ ਕਿਵੇਂ ਕਰ ਸਕਦੇ।" ਮੈਂ ਅਪਣੇ-ਆਪ ਨੂੰ ਦਿਲਾਸਾ ਦੇਣ ਲਈ ਬੁੜਬੜਾਇਆ।

"ਮਧੂ ਜੀ ਆਪ ਕੋ ਬੁਲਾ ਰਹੀਂ ਹੈਂ।" ਉਸ ਆਦਮੀ ਦੀ ਗੁਰਗਰਾਹਟ ਨੇ ਮੇਰੇ ਖ਼ਿਆਲਾਂ ਦੀ ਲੜੀ ਤੋੜੀ। "ਸ਼ੇਰੂ ਚੁੱਪ।" ਕੁੱਤਾ ਉਸ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ, ਪੂੰਛ ਹਲਾਉਂਦਾ ਹੋਇਆ ਇਕ ਕੋਨੇ ਵਿਚ ਜਾ ਕੇ ਬਹਿ ਗਿਆ। ਮੈਂ ਉਸ ਆਦਮੀ ਦੇ ਮਗਰ-ਮਗਰ ਤੁਰ ਪਿਆ। ਇਕ ਆਲੀਸ਼ਾਨ ਡਰਾਇੰਗ ਰੂਮ ਅਇਆ। ਮੈਂ ਸੋਚਿਆ ਇਥੇ ਮਧੂ ਹੋਊ। ਉਹ ਆਦਮੀ ਫੇਰ ਗੁਰਗੁਰਾਇਆਂ,"ਆਈਏ" ਮੈਂ ਚੁੱਪ-ਚਾਪ ਉਸ ਅਦਮੀ ਦੇ ਪਿੱਛੇ-ਪਿੱਛੇ ਜਾ ਰਿਹਾ ਸੀ। ਇਕ ਗੈਲਰੀ ਆਈ। ਜਿਸ ਵਿਚ ਹਨ੍ਹੇਰਾ ਲੋੜ ਤੋਂ ਕਿਤੇ ਜ਼ਿਆਦਾ ਸੀ। ਜੋ ਮੇਰੇ 'ਤੋਤੇ ਉਡਾਉਣ' ਲਈ ਕਾਫ਼ੀ ਸੀ। ਇਕ ਹੋਰ ਕਮਰਾ ਅਇਆ। ਫੇਰ ਇਕ ਹੋਰ ਹਨ੍ਹੇਰੀ ਗੁਫ਼ਾ ਨੁਮਾ ਗੈਲਰੀ। ਮੇਰੀ ਹਾਲਤ 'ਆਪੇ ਫਾਥੀੜੀਏ ਨੀ ਤੈਨੂੰ ਕੌਣ ਛੁਡਾਵੇ' ਵਰਗੀ ਸੀ। ਪਰ ਹੁਣ 'ਫਸੇ ਨੂੰ ਫਟਕਣ ਕੀ'। ਜਿਹੜੇ ਮੁਸੀਬਤ ਵਿਚ ਕੰਮ ਆਉਣ ਵਾਲੇ ਸਾਥੀ ਨੂੰ ਮੈਂ ਆਪਣੇ ਨਾਲ ਲੈ ਕੇ ਆਇਆ ਸੀ। ਉਹ ਕਦੋ ਦਾ 'ਨੌ ਦੋ ਗਿਆਰਾ' ਹੋ ਚੁੱਕਾ ਸੀ। ਮੈਂ ਆਪਣੀ ਕਿਸਮਤ ਦੀ ਡੋਰ ਰੱਬ ਉੱਤੇ ਸੁੱਟ ਦਿੱਤੀ। 'ਜੋ ਹੋਊ, ਦੇਖੀ ਜਾਊ।'

ਫੇਰ ਇਕ ਕਮਰਾ ਆਇਆ। "ਬੈਠੀਏ।" ਕਹਿ ਕੇ ਉਹ ਆਦਮੀ ਮੈਨੂੰ ਬਿਠਾ ਕੇ ਅੰਦਰ ਚਲਾ ਗਿਆ। ਕਮਰੇ ਵਿਚ ਸਮਾਨ ਰੱਖਣ ਦਾ ਸਲੀਕਾ ਤੇ ਸਜਾਵਟ ਕਲਾਮਈ ਤੇ ਸ਼ਾਨਦਾਰ ਸੀ। ਪਰ ਡਰ ਤੇ ਘਬਰਾਹਟ ਕਾਰਣ ਮੇਰਾ ਧਿਆਨ ਇਸ ਪਾਸੇ ਨਹੀਂ ਸੀ ਜਾ ਰਿਹਾ। ਮੈਂ ਤਾਂ ਬੈਠਾ ਉਸ ਘੜੀ ਤੇ ਵਕਤ ਨੂੰ ਕੋਸ ਰਿਹਾ ਸੀ ਜਦ ਮੈਂ ਇੱਥੇ ਆਉਂਣ ਦਾ ਫੈਸਲਾ ਕੀਤਾ। ਸੋਚ ਰਿਹਾ ਸੀ, "ਮਿੱਤਰਾ ਖੁਸਰਿਆ ਬਾਰੇ ਨਾਟਕ ਲਿਖਣਾ ਮਹਿੰਗਾ ਪਊ"

"ਨਮਸਕਾਰ ਭਾਈ ਸਾਹਿਬ।" ਭਰਵੀਂ ਪਰ ਸਲੀਕੇ ਵਾਲੀ ਅਵਾਜ਼ ਨੇ ਮੇਰੇ ਖ਼ਿਆਲਾਂ ਦੀ ਲੜੀ ਵੀ ਤੋੜੀ, ਮੇਰਾ ਡਰ ਤੇ ਘਬਰਾਹਟ ਵੀ ਕੁਝ ਘੱਟ ਕੀਤੀ। "ਮੈਂ ਮਧੂ ਹੂੰ, ਬਤਾਈਏ ਮੈਂ ਆਪ ਕੇ ਲੀਏ ਕਿਆ ਕਰ ਸਕਤੀ ਹੂੰ।" ਮਧੂ ਨੇ ਬੈਠਦਿਆਂ ਸਤਿਕਾਰ ਨਾਲ ਕਿਹਾ। ਅਵਾਜ਼ ਬੇਸ਼ਕ ਮਧੂ ਦੀ ਮਰਦਾਵੀਂ ਸੀ। ਪਰ ਉਸ ਦੀ ਦਿੱਲ-ਖਿਚਵੀਂ ਸਖਸ਼ੀਅਤ ਤੇ ਗੱਲਬਾਤ ਦੀ ਲਿਆਕਤ ਨੇ ਮੈਨੂੰ ਪ੍ਰਭਾਵਿਤ ਕੀਤਾ।" ਮੈਂ ਤੁਹਾਡੇ ਸਮਾਜ ਦੀ ਜ਼ਿੰਦਗੀ ਬਾਰੇ ਨਾਟਕ ਲਿਖਣਾਂ ਚਾਹੁੰਦਾ ਹਾਂ।" ਮੈਂ ਆਪਣੇ ਆਉਣ ਦਾ ਮਕਸਦ ਦੱਸਿਆ। " ਯੇਹ ਤੋ ਬੜੀ ਅੱਛੀ ਬਾਤ ਹੈ।" ਇਹ ਕਹਿਕੇ ਮਧੂ ਨੇ ਕੋਲ ਖੜੇ ਆਦਮੀ ਨੂੰ ਚਾਹ-ਪਾਣੀ ਦਾ ਇੰਤਜ਼ਾਮ ਕਰਨ ਲਈ ਕਿਹਾ। "ਕਿਆ ਲਿਖਣਾ ਚਾਹਤੇ ਹੋ ਆਪ ਹਮਾਰੇ ਬਾਰੇ।" ਮਧੂ ਨੇ ਮੈਨੂੰ ਮੁਖ਼ਾਤਿਬ ਹੁੰਦੇ ਕਿਹਾ।

ਹੁਣ ਮੇਰੀ ਘਬਰਾਹਟ ਕਾਫ਼ੀ ਹੱਦ ਤੱਕ ਘੱਟ ਚੁੱਕੀ ਸੀ। ਮੈਂ ਆਪਣੀ ਗੱਲ ਅਗਾਂਹ ਤੋਰਦੇ ਕਿਹਾ,"ਮੈਂ ਤੁਹਾਡੇ ਸਮਾਜ ਬਾਰੇ ਕਾਫ਼ੀ ਕੁੱਝ ਪੜ੍ਹਿਆ ਤਾਂ ਹੈ ਪਰ ਮੈਂ ਤੁਹਾਡੇ ਕੋਲੋ ਵੀ ਜਾਨਣਾਂ ਚਾਹੁੰਦਾਂ ਹਾਂ, ਤੁਹਾਡੀਆਂ ਦਿੱਕਤਾਂ-ਦੁਸ਼ਵਾਰੀਆਂ ਬਾਰੇ, ਲੋਕਾਂ ਦੇ ਤੁਹਾਡੇ ਪ੍ਰਤੀ ਰੱਵਈਏ ਬਾਰੇ, ਜੋ ਵੀ ਤੁਸੀਂ ਮਹਿਸੂਸ ਕਰਦੇ ਹੋ।" ਮਧੂ ਨੇ ਡੂੰਘਾ ਸਾਹ ਲੈਂਦੇ ਕਿਹਾ," ਹਮਾਰੀ ਜ਼ਿੰਦਗੀ ਕੁਦਰਤ ਕੀ ਸੌਗਾਤ ਨਹੀਂ, ਸਰਾਪ ਹੈ।" ਮਧੂ ਨੇ ਵਿਸਥਾਰ ਨਾਲ ਆਪਣੀ ਜ਼ਿੰਦਗੀ ਤੇ ਆਪਣੇ ਸਮਾਜ ਦੇ ਹਰ ਪੱਖ ਬਾਰੇ ਦੱਸਿਆ। ਜੋ ਮੈਂ ਫਟਾ-ਫਟ ਨੋਟ ਕਰ ਰਿਹਾ ਸੀ। ਇਸ ਦੌਰਾਨ ਕਦੇ ਮਧੂ ਦੀਆਂ ਅੱਖਾਂ ਨਮ ਹੋ ਜਾਂਦੀਆਂ, ਕਦੇ ਉਹ ਲੰਮਾ ਹੌਕਾ ਲੈਂਦਾ।

ਚਾਹ ਆਈ, ਨਾਲ ਪਕੌੜੇ ਵੀ, ਵੱਡੀਆਂ ਮਿਰਚਾਂ ਵਾਲੇ। ਚਾਹ ਪੀਂਦੇ ਹੋਏ ਮੈਂ ਕਮਰੇ ਵਿਚ ਲੱਗੀਆਂ ਤਸਵੀਰਾਂ ਦੇਖਣ ਲੱਗ ਗਿਆ। ਫੋਟੋਆਂ ਇਕ ਬਹੁਤ ਹੀ ਖੁਬਸੂਰਤ ਲੜਕੀ ਦੀਆਂ ਸਨ। ਕਿਸੇ ਫੋਟੋ ਵਿਚ ਸਲਵਾਰ ਕਮੀਜ਼, ਕਿਸੇ ਵਿਚ ਜੀਨ ਟੀ ਸ਼ਰਟ। ਲੜਕੀ ਦੀ ਖੁਬਸੂਰਤੀ ਫਿਲਮਾਂ ਦੀਆ ਹੀਰੋਇਨਾਂ ਨੂੰ ਵੀ ਮਾਤ ਪਾ ਰਹੀ ਸੀ। ਮਧੂ ਮੈਨੂੰ ਫੋਟੋਆ ਦੇਖਦੇ ਨੂੰ ਦੇਖਕੇ ਕਹਿਣ ਲੱਗੀ, "ਯੇਹ ਫੋਟੋਆਂ ਮੇਰੀ ਹੈਂ ਬੀਰਾ ਜੀ।" ਮਧੂ ਤੁਕਅਲਫ਼ ਛੱਡ ਕੇ ਮੈਨੂੰ ਬੀਰਾ ਜੀ ਕਹਿਣ ਲੱਗਾ। ਮੈਂ ਫੋਟੋਆਂ ਨੂੰ ਦੇਖਦੇ ਕਿਹਾ, "ਕਮਾਲ ਨੇ ਤੁਹਾਡੀਆਂ ਫੋਟੋਆ ਤਾਂ ਮਧੂ ਜੀ। ਇਹ ਤਾਂ...।" "ਮੁਝੇ ਮੇਰੇ ਮਾਂ-ਬਾਪ ਨੇ ਲੜਕੀ ਕੀ ਤਰਹ ਪਾਲਾ ਹੈ। ਬਚਪਨ ਮੇ ਬਹੁਤ ਖੁਬਸੂਰਤ ਥੀ ਮੈਂ।" ਉਸਨੇ ਹੱਸਦੀ ਹੋਈ ਨੇ ਕਿਹਾ,"ਲੜਕੇ ਬਹੁਤ ਮਰਤੇ ਥੇ ਮੁਝ ਪਰ।"

ਮੈਂ ਮਧੂ ਤੋਂ ਨਾਟਕ ਲਿਖਣ ਵਿਚ ਮੇਰੀ ਮਦਦ ਕਰਨ ਦਾ ਵਾਅਦਾ ਲੈ ਕੇ ਵਿਦਾ ਲਈ। ਬਾਹਰ ਆ ਕੇ ਦੇਖਿਆ ਕੁੱਕੂ ਮੋੜ 'ਤੇ ਖੜਾ ਫੋਨ ਕਰ ਰਿਹਾ ਸੀ। ਮੈਂ ਕਿਹਾ,"ਕੁੱਕੂ ਤੂੰ ਕਿੱਧਰ ਚਲਾ ਗਿਆ ਸੀ ਯਾਰ।"ਕੁੱਕੂ ਨੇ ਸਫਾਈ ਦਿੰਦੇ ਕਿਹਾ, " ਮੈਨੂੰ ਫੋਨ ਆ ਗਿਆ ਸੀ ਭਾਜੀ।" " ਫੋਨ ਆ ਗਿਆ ਸੀ ਕਿ ਡਰ ਗਿਆ ਸੀ।" ਮੈਂ ਹੱਸਦੇ ਨੇ ਕਿਹਾ।

ਨਾਟਕ ਲਿਖਣ ਤੋਂ ਬਾਅਦ ਸਕਰਿਪਟ ਮਧੂ ਨੂੰ ਪੜ੍ਹਣ ਲਈ ਦਿੱਤੀ। ਨਾਟਕ ਦਾ ਨਾਂ 'ਖੁਸਰੇ' ਰੱਖਣ ਬਾਰੇ ਵੀ ਮਧੂ ਦੀ ਰਾਏ ਲਈ। ਕਿਉਂਕਿ ਕੁੱਝ ਵਿਦਵਾਨ ਤੇ ਰੰਗਕਰਮੀ ਦੋਸਤਾਂ ਦੀ ਰਾਏ ਸੀ ਕਿ ਨਾਟਕ ਦਾ ਨਾਂ ਖੁਸਰੇ ਨਹੀਂ ਹੋਣਾ ਚਾਹੀਦਾ। ਕਿਉਂਕਿ 'ਖੁਸਰੇ' ਲਫ਼ਜ਼ ਜ਼ਿਆਦਾ ਤਿੱਖਾ ਹੈ, ਸਾਹਿਤਕ ਵੀ ਨਹੀਂ ਹੈ। ਪਰ ਮਧੂ ਨੇ ਨਾਟਕ ਦਾ ਖੁਸਰੇ ਰੱਖਣ ਦੀ ਹਮਾਇਤ ਕੀਤੀ।

ਮਧੂ ਨੇ ਨਾਟਕ ਦੀਆਂ ਰਹਿਰਸਲਾਂ ਦੌਰਾਨ ਪਾਤਰਾਂ ਨੂੰ ਖੁਸਰਿਆਂ ਦੇ ਕਿਰਦਾਰ ਵਿਚ ਢਲਣ ਲਈ ਬਹੁਤ ਮਦਦ ਕੀਤੀ। ਆਪਣੇ ਸਾਥੀਆਂ ਨਾਲ ਆਉਣਾ, ਨਾਟਕ ਵਿਚ ਖੁਸਰਿਆਂ ਦਾ ਕਿਰਦਾਰ ਨਿਭਾ ਰਹੇ ਕਲਾਕਾਰਾਂ ਨੂੰ ਹਰ ਛੋਟੀ ਤੋਂ ਛੋਟੀ ਗੱਲ ਵਿਸਥਾਰ ਨਾਲ ਸਮਝਾਉਣੀ। ਖਾਸ ਅੰਦਾਜ਼ ਵਿਚ ਤਾੜੀ ਮਾਰਨਾ, ਤੁਰਨ ਦਾ ਤਰੀਕਾ, ਬੋਲਣ ਦਾ ਵਿਸ਼ੇਸ਼ ਅੰਦਾਜ਼।

ਨਾਟਕ ਲਿਖਦੇਲਿਖਦੇ ਮੈਂ ਕਈ ਵਾਰ ਭਾਵੁਕ ਹੋਇਆ। ਜਿਹਨੇ ਵੀ ਪੜ੍ਹਿਆ ਉਹ ਵੀ ਤੇ ਰਹਿਰਸਲਾਂ ਦੌਰਾਨ ਕਲਾਕਾਰ ਵੀ ਅਕਸਰ ਭਾਵੁਕ ਹੋ ਜਾਂਦੇ। ਪੱਤਰਕਾਰ ਮਿੱਤਰਾਂ ਦੇ ਸੁਝਾਅ 'ਤੇ ਪਹਿਲੀ ਵਾਰ ਪ੍ਰੈਸ ਕਾਨਫਰੰਸ ਕੀਤੀ। ਮੇਰੀ ਜਾਣਕਾਰੀ ਮੁਤਾਬਿਕ ਕਿਸੇ ਨਾਟਕ ਬਾਰੇ ਇਹ ਪਹਿਲੀ ਪ੍ਰੈਸ ਕਾਨਫਰੰਸ ਸੀ। ਪ੍ਰੈਸ ਕਾਨਫਰੰਸ ਵਿਚ ਮਧੂ ਵੀ ਆਪਣੇ ਸਾਥੀਆਂ ਸਮੇਤ ਸ਼ਾਮਿਲ ਸੀ। ਪੱਤਰਕਾਰਾਂ ਨਾਲ ਗੱਲ ਕਰਦੇ ਕਈ ਵਾਰ ਨਮ ਹੋਈਆਂ ਅੱਖਾਂ ਮਧੂ ਨੇ ਰੁਮਾਲ ਨਾਲ ਪੂੰਝੀਆਂ। ਨਾਟਕ ਦੇ ਮੰਚਣ ਦੌਰਾਨ ਪ੍ਰਧਾਨਗੀ ਮਧੂ ਦੀ ਹੀ ਸੀ। ਪਹਿਲਾਂ ਤਾਂ ਉਸ ਨੇ ਸਹਿਮਤੀ ਦੇ ਦਿੱਤੀ। ਪਰ ਫਾਇਨਲ ਰਹਿਰਸਲ ਦੇਖਕੇ ਹੀ ਮਧੂ ਆਪਣੇ ਅੱਥਰੂ ਰੋਕ ਨਾ ਸਕਿਆ। ਉਹ ਇਹ ਕਹਿ ਕੇ ਚਲਾ ਗਿਆ ਕਿ ਉਸ ਕੋਲੋ ਨਾਟਕ ਦੇਖ ਨੀ ਹੋਣਾ।

ਗੁਰਸ਼ਰਨ ਭਾਜੀ ਤਕਰੀਬਨ ਮੇਰਾ ਹਰ ਨਾਟਕ ਉਚੇਚੇ ਤੌਰ 'ਤੇ ਦੇਖਣ ਆਉਂਦੇ। 19 ਸਾਲ ਪਹਿਲਾਂ ਟੈਗੋਰ ਥੀਏਟਰ ਵਿਚ 20 ਦਸੰਬਰ 2002 ਨੂੰ ਨਾਟਕ 'ਖੁਸਰੇ' ਦੇ ਪਹਿਲੇ ਮੰਚਣ ਸਮੇਂ ਵੀ ਗੁਰਸ਼ਰਨ ਭਾਜੀ ਖਾਸ ਤੌਰ 'ਤੇ ਆਏ। ਦਰਸ਼ਕ ਹਰ ਦ੍ਰਿਸ਼ ਤੋਂ ਬਾਅਦ ਤਾੜੀਆਂ ਮਾਰ ਕੇ ਭਰਪੂਰ ਦਾਦ ਵੀ ਦੇ ਰਹੇ ਸਨ ਅਤੇ ਭਾਵੁਕ ਦ੍ਰਿਸ਼ਾਂ ਦੌਰਾਨ ਵੱਗਦੇ ਹੰਝੂ ਵੀ ਰੁਮਾਲ ਨਾਲ ਪੂੰਝਦੇ ਰਹੇ।

ਨਾਟਕ ਦੇ ਖਤਮ ਹੋਣ ਉਪਰੰਤ ਗੁਰਸ਼ਰਨ ਭਾਜੀ ਨੇ ਮੰਚ ਤੋਂ ਨਾਟਕ ਬਾਰੇ ਜੋ ਸ਼ਬਦ ਕਹੇ, ਉਹ ਅੱਜ ਵੀ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ। ਗੁਰਸ਼ਰਨ ਭਾਜੀ ਦੇ ਸ਼ਬਦ ਸਨ, " ਨਾਟਕ ਖੁਸਰੇ ਸੰਜੀਵਨ ਦੇ ਹੁਣ ਤੱਕ ਦੇ ਨਾਟਕਾਂ ਵਿੱਚੋਂ ਬੇਹਤਰੀਨ ਨਾਟਕ ਹੈ। ਜਦੋ ਇਹ ਨਾਟਕ ਕਿਤਾਬੀ ਰੂਪ ਲਵੇਗਾ ਤਾਂ ਮੈਨੂੰ ਨਾਟਕ ਦਾ ਮੁੱਖ ਬੰਦ ਲਿਖਣ ਵਿਚ ਖੁਸ਼ੀ ਮਹਿਸੂਸ ਹੋਵੇਗੀ।" ਹੁਣ ਜਦ ਨਾਟਕ ਨੂੰ ਕਿਤਾਬੀ ਰੂਪ ਦੇਣ ਦਾ ਸਬੱਬ ਬਣਿਆ ਤਾਂ ਭਾਜੀ ਰੰਗਮੰਚੀ ਮਹਿਕਾਂ ਬਿਖੇਰ ਕੇ ਸਾਨੂੰ ਸਭ ਨੂੰ ਅਲਵਿਦਾ ਕਹਿ ਗਏ। ਪਰ ਗੁਰਸ਼ਰਨ ਭਾਜੀ ਦੇ ਰੰਗਮੰਚ ਜ਼ਰੀਏ ਸਮਾਜ ਦੇ ਪੀੜਤ ਤੇ ਦੱਬੇ ਕੁੱਚਲੇ ਵਰਗ ਨੂੰ ਜਾਗਰੁਕ ਕਰਨ ਦੇ ਯਤਨਾਂ ਨੂੰ ਹਮੇਸ਼ਾ ਚੇਤੇ ਕੀਤਾ ਜਾਂਦਾ ਰਹੇਗਾ।

ਦੂਸਰੇ ਦਿਨ ਅਖ਼ਬਾਰਾਂ ਵਿਚ ਅਲੋਚਕਾਂ ਦੀ ਰਾਏ ਨੇ ਵੀ ਨਾਟਕ ਦੇ ਮਿਆਰੀ ਹੋਣ ਦੀ ਪੁਸ਼ਟੀ ਕਰ ਦਿੱਤੀ। ਤੇ ਮੇਰੇ ਲਈ ਨਾਟਕ 'ਖੁਸਰੇ' ਰਾਹੀਂ ਸਥਾਪਤ ਕੀਤੇ ਪੱਧਰ ਨੂੰ ਬਰਕਰਾਰ ਰੱਖਣ ਦੀ ਚਣੌਤੀ ਵੀ। ਉਨਾਂ ਦੀ ਰਾਏ ਸੀ," ਖੁਸਰਾ ਸਮਾਜ ਨੂੰ ਗੰਭੀਰਤਾ ਨਾਲ ਜਾਂ ਤਾਂ ਮਹੇਸ਼ ਭੱਟ ਨੇ ਆਪਣੀ ਫਿਲਮ 'ਤਮੰਨਾ' ਵਿਚ ਲਿਆ ਹੈ ਜਾਂ ਸੰਜੀਵਨ ਨੇ ਨਾਟਕ 'ਖੁਸਰੇ' ਵਿਚ ਖੁਸਰਿਆ ਨੂੰ ਭਾਵੁਕ ਪੱਧਰ 'ਤੇ ਪੇਸ਼ ਕੀਤਾ ਹੈ। ਹਾਲੇ ਤੱਕ ਤਾਂ ਖੁਸਰੇ ਫਿਲਮਾਂ, ਸਾਹਿਤ ਜਾਂ ਨਾਟਕਾਂ ਵਿਚ ਕੇਵਲ ਤੇ ਕੇਵਲ ਮਜ਼ਾਕ ਜਾਂ ਨਫ਼ਰਤ ਦਾ ਪਾਤਰ ਹੀ ਹੁੰਦੇ ਸਨ।"

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਆਦਰਸ਼

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਆਦਰਸ਼, ਸੰਘਰਸ਼, ਸਪਿਰਿਟ ਤੇ ਸੰਦੇਸ਼ ਦਾ ਨਿਰਪੱਖ ਅਧਿਐਨ ਤੇ ਸਰਵੇਖਣ ਕੇਵਲ ਸਿੱਖਾਂ ਜਾਂ ਪੰਜਾਬੀਆਂ ਨੂੰ ਹੀ ਨਹੀਂ, ਸਗੋਂ ਸਮੁੱਚੇ ਭਾਰਤ ਤੇ ਸਮੂਹ ਸੰਸਾਰ ਨੂੰ ਵੀ ਅਜੋਕੀ ਅਸ਼ਾਂਤ ਤੇ ਘਾਤਕ ਸਥਿਤੀ ਵਿੱਚ ਸੁਖ ਦਾ ਸਾਹ ਦੁਆਣ ਅਤੇ ਚੜ੍ਹਦੀ ਕਲਾ ਵੱਲ ਲਿਜਾਣ ਲਈ ਬੜਾ ਸਹਾਇਕ ਤੇ ਲਾਭਦਾਇਕ ਸਿੱਧ ਹੋ ਸਕਦਾ ਹੈ।

ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਸ਼ਖਸੀਅਤ ਸੀ ਕਿ ਜਿੰਨਾ 42 ਵਰ੍ਹੇ ਦੀ ਅਲਪ ਅਵਸਥਾ ਵਿੱਚ ਕੌਮ, ਦੇਸ਼ ਤੇ ਮਨੁੱਖਤਾ ਦੀ ਦਰਵੱਟੜੀ ਉੱਤੇ, ਸਹਿਤ ਪਰਿਵਾਰ , ਨਿਛਾਵਰ ਵੀ ਹੋ ਗਏ ਸਨ।

ਇਹ ਇਸ ਲਈ ਵੀ ਕਿ ਗੁਰੂ ਗੋਬਿੰਦ ਸਿੰਘ, ਖੁਦ ਆਪ ਅਜਿਹੇ ਦ੍ਰਿੜ ਨਿਸਚੇ, ਨਿਰਭੈਤਾ ਤੇ ਚੜਦੀ ਕਲਾ ਦੇ ਪੁੰਜ ਸਨ : ਅਜਿਹੇ ਅਨੂਠੇ ਸਵੈਮਾਣ, ਸਵੈ ਵਿਸ਼ਵਾਸ ਤੇ ਸਵੈ ਸਮਰਪਣ ਦੇ ਮੁਜੱਸਮਾ ਸਨ, ਜਿੰਨਾ ਦਾ ਮੁਕਾਬਲਾ ਸਿਰਫ ਉਦੋਕੀ ਸਥਿਤੀ ਲਈ ਹੀ ਨਹੀਂ, ਸਗੋਂ ਅਜੋਕੀ ਤੇ ਅਗੋਕੀ ਸਥਿਤੀ ਲਈ ਵੀ ਕਿਸੇ ਪੱਖੋਂ ਵੀ ਘੱਟ ਲੁੜੀਂਦਾ, ਲਾਭਦਾਇਕ ਤੇ ਪ੍ਰੇਰਣਾਜਨਕ ਨਹੀਂ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਅਤੇ ਉਸ ਦੀ ਹਰ ਗੱਲ, ਹਰ ਕਿਰਿਆ, ਹਰ ਕਰਤਵ ਹੀ ਉਸ ਉੱਤਮ ਤੇ ਉੱਚਤਮ ਦਰਜੇ ਦੀ ਚੜ੍ਹਦੀ ਕਲਾ ਦਾ ਸਾਕਾਰ ਰੂਪ ਸੀ।

ਉਹ ਜਿੱਥੇ ਸਹਿਜ ਤੇ ਸੱਚਾਈ ਅਤੇ ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ ਸਨ, ਉੱਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ ਅਤੇ ਕਲਮ ਦੇ ਤਲਵਾਰ ਦੇ ਧਨੀ ਵੀ ਸਨ। 'ਤੇਗ - ਫਤਹਿ ਉਨ੍ਹਾਂ ਦਾ ਨਾਅਰਾ ਅਤੇ 'ਸਤਿ ਸ੍ਰੀ ਅਕਾਲ ' ਜੈਕਾਰਾ ਸੀ। ਹੱਥ ਉੱਤੇ ਬਾਜ਼ ਅਤੇ ਸੀਸ ਉੱਤੇ ਕਲਗੀ ਸਜਾਉਣ ਕਰਕੇ ਕੋਈ ਉਨ੍ਹਾਂ ਨੂੰ ' 'ਬਾਜਾਂ ਵਾਲੇ ' ਤੇ ਕੋਈ 'ਕਲਗੀਆਂ ਵਾਲੇ ' ਗੁਰੂ ਆਖਣ ਵਿੱਚ ਮਾਣ ਤੇ ਖੁਸ਼ੀ ਮਹਿਸੂਸ ਕਰਦਾ ਹੈ । ਪਰ ਅਸੀਂ ਤਾਂ ਉਨ੍ਹਾਂ ਦੀ ਅਜਿਹੀ ਭਰਵੀਂ ਤੇ ਅਨੂਠੀ ਸ਼ਖਸੀਅਤ, ਬਹੁਪੱਖੀ ਤੇ ਕਲਾਧਾਰੀ ਪ੍ਰਤਿਭਾ ਅਤੇ ਨਰੋਈ ਤੇ ਨਿਰਭੈ ਸਪਿਰਿਟ ਨੂੰ ਮੁੱਖ ਰੱਖਦਿਆਂ, ਉਨ੍ਹਾਂ ਨੂੰ ਖਾਸ ਤੌਰ ਤੇ ਚੜ੍ਹਦੀ ਕਲਾ ਵਾਲੇ ਗੁਰੂ ਕਹਿਣ ਤੇ ਮੰਨਣ ਵਿੱਚ ਹੀ ਉਨ੍ਹਾਂ ਦੀ ਉਤਮ ਤੇ ਸਮੁੱਚੀ ਮਨੁੱਖਤਾ ਦਾ ਮਾਣ ਸਮਝਦੇ ਹਾਂ।

ਮਨੁੱਖੀ ਜਾਮੇ ਵਿੱਚ ਕੁਦਰਤ ਦੀਆਂ ਜਿੰਨੀਆਂ ਅਪੂਰਬ ਤੇ ਭਰਪੂਰ ਬਖਸ਼ਿਸ਼ਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੋਈਆਂ ਸਨ, ਸ਼ਾਇਦ ਹੀ ਕਿਸੇ ਨੂੰ ਨਸੀਬ ਹੋਈਆਂ ਹੋਣ। ਤੇ ਫਿਰ ਜਿਸ ਸਿਆਣਪ, ਪਰਸੁਆਰਥ ਤੇ ਖੁਲ੍ਹਦਿਲੀ ਨਾਲ ਉਨ੍ਹਾਂ ਨੇ ਇਨ੍ਹਾਂ ਨੂੰ ਲੋਕਾਂ ਵਿੱਚ ਵੰਡਿਆ ਤੇ ਉਨ੍ਹਾਂ ਲਈ ਵਰਤਿਆ ਸੀ, ਉਸ ਦਾ ਸੁਭਾਗ ਵੀ, ਮੈਨੂੰ ਨਹੀਂ ਲੱਗਦਾ ਕਿਸੇ ਵਿਰਲੇ ਨੂੰ ਹੀ ਹਾਸਲ ਹੋਇਆ ਹੋਵੇਗਾ।

ਇਉਂ ਹੀ, ਸੰਖੇਪ ਜਿਹੀ ਜੀਵਨ ਯਾਤਰਾ ਦੌਰਾਨ ਜਿੰਨੀਆਂ ਮੁਸ਼ਕਿਲਾਂ ਤੇ ਮੁਸੀਬਤਾਂ ਨੇ ਆਪ ਨੂੰ ਘੇਰੀ ਰੱਖਿਆ ਸੀ, ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈਆਂ ਹੋਣ। ਜਿਸ ਸਬਰ, ਸਿਦਕ ਅਤੇ ਸੂਰਬੀਰਤਾ ਤੇ ਸੁਆਰਥਹੀਨਤਾ ਨਾਲ ਆਪ ਨੇ ਇਨ੍ਹਾਂ ਨਾਲ ਭਰਵੀਂ ਟੱਕਰ ਲਈ ਅਤੇ ਜਿੱਤ ਪ੍ਰਾਪਤ ਕੀਤੀ ਸੀ। ਮਾਪਿਆਂ ਦੀ ਪਵਿੱਤਰ ਧਰਤੀ ਅਨੰਦਪੁਰ ਵਿੱਚ ਪਾਰ ਧਰਦਿਆਂ ਹੀ ਸਮੇਂ ਦੀ ਪੁਕਾਰ ਨੇ ਬਾਲ ਵਰੇਸ ਵਿੱਚ ਹੀ ਵਿਚਰਦੇ ਇਸ ਇੱਕਲੌਤੇ ਪੁੱਤਰ ਨੂੰ ਆਪਣੇ ਗੁਰੂ ਪਿਤਾ ਦਾ ਬਲੀਦਾਨ ਦੇਣ ਲਈ ਇੱਕ ਬੜੀ ਭਿਆਨਕ ਤੇ ਹਿਰਦਾਵੇਦਕ ਵੰਗਾਰ ਪਾਪ ਸੀ । ਇਹ ਉਹ ਭਿਅਕਰ ਸਮਾਂ ਸੀ ਜਦੋਂ ਮੁਗਲਈ ਤੁਅੱਸਬ ਤੇ ਔਰੰਗਜ਼ੇਬੀ ਜਬਰ ਹਿੰਦੂ ਧਰਮ ਕਰਮ ਅਤੇ ਭਾਰਤੀ ਸੱਭਿਆਚਾਰ ਦਾ ਮਲੀਆਮੇਟ ਕਰ ਰਿਹਾ ਸੀ।

ਸੋ ਗੁਰੂ ਤੇਗ ਬਹਾਦੁਰ ਸਮੁੱਚੇ ਹਿੰਦ ਦੀ ਪੱਤ ਪਰਤੀਤ ਅਤੇ ਸੱਭਿਆਚਾਰ ਦੀ ਰਾਖੀ ਲਈ, ਧਰਮ ਕਰਮ ਦੀ ਅਜ਼ਾਦੀ ਅਤੇ ਮਾਨਵੀ ਹੱਕਾਂ ਦੀ ਬਰਕਰਾਰੀ ਲਈ ਬੜੀ ਦਲੇਰੀ ਤੇ ਦ੍ਰਿੜਤਾ ਨਾਲ, ਸਿਰ ਤਲੀ ਉੱਤੇ ਰੱਖ ਕੇ ਤੁਰ ਪਏ ਸਨ।

ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ ਸਤ ਹੀਣ ਹਾਲਾਤ ਵਿੱਚ ਲੱਗਭੱਗ ਨੌਂ ਵਰ੍ਹੇ ਦੇ ਬਾਲ, ਗੋਬਿੰਦ ਦਾਸ ਜੀ, ਨੂੰ ਗੁਰੂ ਨਾਨਕ ਦੇਵ ਜੀ ਦੀ ਮਹਾਨ ਤੇ ਪਾਵਨ ਗੱਦੀ ਅਤੇ ਉਸ ਦੀ ਬੜੀ ਭਾਰੀ ਜਿੰਮੇਵਾਰੀ ਸੰਭਾਲਣੀ ਪੈ ਗਈ ਸੀ।

ਇਹ ਜਿਸ ਸਮੇਂ ਵਿਚੋਂ ਅਸੀ ਹੁਣ ਨਿਕਲ ਰਹੇ ਹਾਂ ਇਹ ਸ਼ਹਾਦਤਾਂ ਦੇ ਦਿਨ ਸਨ। ਪਿਤਾ ਦੇ ਬਲਿਦਾਨ ਉਪਰੰਤ, ਪਰਿਵਾਰ ਵਿਛੋੜਾ, ਵੱਡੇ ਪੁੱਤਰਾਂ ਦੀਆਂ ਸ਼ਹਾਦਤ, ਛੋਟੇ ਫਰਜੰਦਾਂ ਦੀ ਨੀਹਾਂ ਵਿੱਚ ਚਿਣਨਾ , ਮਾਤਾ ਗੁਜ਼ਰ ਕੌਰ ਦਾ ਠੰਡੇ ਬੁਰਜ ਦੀ ਸੀਤ ਸਹਿਣੀ ਤੇ ਮਾਛੀਵਾੜੇ ਦੇ ਜੰਗਲਾਂ ਵਿੱਚ ਕੰਡਿਆਂ ਦੀ ਸੇਜ ਅਤੇ ਟਿੰਡ ਦਾ ਸਹਾਰਾ ਕੋਈ ਕਹਿਣ ਸੁਣਨ ਦੀਆਂ ਗੱਲਾਂ ਨਹੀਂ ਬਲਕਿ ਹੰਡਈਆਂ ਹੋਈਆਂ ਦਾਸਤਾਨਾਂ ਨੇ।

ਇਤਹਾਸ ਇਸ ਅਸਲੀਅਤ ਦਾ ਵੀ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਉਮਰ ਬੱਸ ਅਨੂਠੇ ਆਦਰਸ਼ ਦੀ ਪੈਰਵੀ ਕਰਦਿਆਂ ਉਸੇ ਵਿਲੱਖਣ ਸਿਧਾਂਤ ਉੱਤੇ ਪਹਿਰਾ ਦਿੰਦਿਆਂ, ਚੜ੍ਹਦੀ ਕਲਾ ਪੂਰਤੀ ਉਸੇ ਸੰਦੇਸ਼ ਨੂੰ ਪ੍ਰਸਾਰਦਿਆਂ ਅਤੇ ਉਨ੍ਹਾਂ ਮੁਤਾਬਿਕ ਹੀ ਧਰਮ ਨਿਆਂ, ਦੇਸ਼ ਕੌਮ ਤੇ ਸਮੂਹ ਮਨੁੱਖਤਾ ਦੇ ਹਿਤਾਂ ਹੱਕਾਂ ਲਈ ਨਿਸ਼ਕਾਮ ਤੇ ਨਿਰੰਤਰ ਸੰਘਰਸ਼ ਕਰਦਿਆਂ ਗੁਜ਼ਾਰ ਦਿੱਤੀ ਸੀ। ਗੁਰੂ ਸਾਹਿਬ ਨੇ ਅੰਤਮ ਸੁਆਸਾਂ ਤੱਕ ਅਜਿਹੀ ਅਦੁੱਤੀ ਚੜ੍ਹਦੀ ਕਲਾ ਵਿੱਚ ਵਿਚਰਦੇ ਅਤੇ ਵਿਗਸਦੇ ਰਹੇ ਸਨ ਜੋ ਕੇਵਲ ਉਦੋਂ ਦੇ ਤੇ ਹੁਣ ਦੇ ਹੀ ਨਹੀਂ ਸਗੋਂ ਆਉਦੇ ਸਮਿਆਂ ਦੇ ਮਨੁੱਖ ਨੂੰ ਵੀ ਉਵੇਂ ਹੀ ਪ੍ਰੇਰਦੀ , ਉਤਸ਼ਾਹਿਤ ਕਰਦੀ ਅਤੇ ਵਿਗਸਾਉਂਦੀ ਰਹੇਗੀ।

*-ਹਰਕੀਰਤ ਕੌਰ*
*9779118066*

## ਭੋਗ ਤੇ ਵਿਸ਼ੇਸ਼

# ਬਹੁਪੱਖੀ ਸ਼ਖਸੀਅਤ ਐਡਵੋਕੇਟ ਗੁਰਦੀਸ਼ ਸਿੰਘ ਖੋਸਾ

ਅਕਾਲ ਪੁਰਖ ਦੇ ਦਸਤੂਰ ਮੁਤਾਬਕ ਜੋ ਵੀ ਪ੍ਰਾਣੀ ਇਸ ਜੱਗ ਤੇ ਆਇਆ ਹੈ ਇੱਕ ਦਿਨ ਉਹ ਇਸ ਰੰਗਲੀ ਦੁਨੀਆਂ ਤੋਂ ਕੂਚ ਕਰ ਜਾਂਦਾ ਹੈ । ਬਹੁਤ ਘੱਟ ਹੀ ਅਜਿਹੇ ਲੋਕ ਹੁੰਦੇ ਹਨ ਜਿਨਾਂ ਨੂੰ ਉਸ ਦੇ ਕੀਤੇ ਕੰਮ ,ਸੁਭਾਅ ਤੇ ਚੰਗੇ ਗੁਣਾ ਕਰਕੇ ਉਹਨਾਂ ਦੇ ਜਾਣ ਤੋ ਬਾਅਦ ਭਰੇ ਮਨ ਨਾਲ ਯਾਦ ਕੀਤਾ ਜਾਦਾਂ ਹੈ। ਅਜਿਹੇ ਹੀ ਰੰਗਲੇ ਸੱਜਣ ਸਨ ਮੋਗਾ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਐਡਵੋਕੇਟ ਗੁਰਦੀਸ਼ ਸਿੰਘ ਖੋਸਾ ਜੋ ਕਿ 28 ਦਸੰਬਰ ਦੀ ਰਾਤ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਗੁਰਦੀਸ਼ ਸਿੰਘ ਖੋਸਾ ਦਾ ਜਨਮ ਨਾਨਕੇ ਪਿੰਡ ਵਕੀਲਾਂ ਵਾਲਾ(ਫ਼ਿਰੋਜ਼ਪੁਰ )ਵਿਖੇ ਪਿਤਾ ਸ ਦਲੀਪ ਸਿੰਘ ਤੇ ਮਾਤਾ ਨਸੀਬ ਕੌਰ ਦੇ ਘਰ ਹੋਇਆ। ਆਪ ਨੇ ਮੁਢਲੀ ਪੜ੍ਹਾਈ ਸ ਪ ਸ ਜਗਰਾਵਾਂ( ਲੁਧਿਆਣਾ) ਤੇ ਹਾਇਰ ਸੰਕੈਡਰੀ ਮਿਸ਼ਨ ਸਕੂਲ ਮੋਗਾ ਤੋਂ ਪ੍ਰਾਪਤ ਕਰਕੇ ਬੀ ਏ ਗੁਰੂ ਨਾਨਕ ਕਾਲਜ ਮੋਗਾ ਤੋਂ ਕੀਤੀ ਅਤੇ ਵਕਾਲਤ ਕਰਕੇ ਮੋਗਾ ਕਚਿਹਰੀ ਵਿਖੇ ਆਪਣਾ ਕੰਮ ਸ਼ੁਰੂ ਕਰ ਦਿੱਤਾ।

ਧਾਰਮਿਕ ਬਿਰਤੀ ਦੇ ਹੋਣ ਕਰਕੇ ਕਾਲਜ ਸਮੇਂ ਆਪ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਰਗਰਮ ਵਰਕਰ ਵੀ ਰਹੇ ਕਾਲਜ ਦੀ ਭੰਗੜਾ ਟੀਮ ਦੇ ਕਪਤਾਨ ਤੇ ਫੁਟਬਾਲ ਦੇ ਵਧੀਆ ਖਿਡਾਰੀ ਵੀ ਰਹੇ। ਪੰਜਾਬੀ ਸੱਭਿਆਚਾਰ ਨਾਲ ਅਥਾਹ ਪਿਆਰ ਹੋਣ ਕਰਕੇ ਆਪ ਨੇ ਬਾਬਾ ਪੋਖਰ ਜੀ ਕੋਲ਼ੋਂ ਪੰਜਾਬੀ ਲੋਕ-ਨਾਚ ਝੂੰਮਰ ਤੇ ਮਲਵਈ ਗਿੱਧੇ ਦੀਆਂ ਬਰੀਕੀਆਂ ਦੀ ਘੋਖ ਕਰਕੇ ਰੰਗਲਾ ਪੰਜਾਬ ਕਲਚਰਲ ਸੋਸਾਇਟੀ ਮੋਗਾ ਦੇ ਕਲੱਬ ਦੀ ਮਲਵਈ ਗਿੱਧਾ ਤੇ ਝੂਮਰ ਦੀ ਟੀਮ ਤਿਆਰ ਕੀਤੀ ਤੇ ਹੁਣ ਤੱਕ ਇਸ ਕਲੱਬ ਦੇ ਡਾਇਰੈਕਟਰ ਵੀ ਰਹੇ ਇਸ ਤੋ ਇਲਾਵਾ ਉਸਤਾਦ ਮੇਜਰ ਢੋਲੀ ਧਰਮਕੋਟ ਤੋ ਵੀ ਢੋਲ ਦੇ ਡੱਗੇ ਤੇ ਭੰਗੜੇ ਦੇ ਗੁਰ ਸਿੱਖੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੇ ਵਿੱਚ ਭੰਗੜੇ ਦੇ ਜੱਜ ਵਜੋਂ ਵੀ ਸੇਵਾਵਾਂ ਨਿਭਾਈਆਂ । ਆਪ ਪੰਜਾਬ ਦੀਆਂ ਵਿਰਾਸਤੀ ਵਸਤੂਆਂ ਨਾਲ ਵੀ ਅਥਾਹ ਪਿਆਰ ਸੀ ਜਿੱਥੋਂ ਕਿਤੋਂ ਵੀ ਕੋਈ ਵਿਰਾਸਤੀ ਵਸਤੂ ਮਿਲਦੀ ਭਾਵੇ ਮਿਹੰਗੀ ਸਸਤੀ ਲੈਕੇ ਘਰ ਦਾ ਸ਼ਿੰਗਾਰ ਬਣਾ ਲੈਂਦੇ ਸਨ ਘਰ ਵਿੱਚ ਹੀ ਇੱਕ ਨੁੱਕਰ ਚ ਵਿਰਾਸਤੀ ਕਾਰਨਰ ਬਣਾਇਆ ਹੋਇਆ ਸੀ। ਗੁਰਦੀਸ਼ ਖੋਸਾ ਯਾਰਾਂ ਦਾ ਯਾਰ ਸੀ ਸਦਾ ਮੂੰਹ ਤੇ ਗੱਲ ਕਹਿਣਾ ਉਸ ਦਾ ਸੁਭਾਅ ਸੀ ਅਤੇ ਕਦੇ ਵੀ ਆਪਣੇ ਕੀਤੇ ਫੈਸਲੇ ਤੋਂ ਝੁਕਿਆ ਨਹੀਂ ਸੀ।

ਪਰਿਵਾਰ ਵਿੱਚੋਂ ਸਭ ਤੋਂ ਵੱਡਾ ਹੋਣ ਕਰਕੇ ਆਪਣੇ ਪਰਿਵਾਰ ਦੀ ਯੋਗ ਅਗਵਾਈ ਕੀਤੀ ਆਪ ਦੇ ਭਰਾ ਸੁਰਿੰਦਰਪਾਲ ਸਿੰਘ ਸਰਕਾਰੀ ਕਾਲਜ ਜ਼ੀਰਾ ਵਿਖੇ ਸਰੀਰਕ ਸਿੱਖਿਆ ਦੇ ਪ੍ਰੋਫੈਸਰ ਹਨ ਤੇ ਛੋਟੇ ਭਰਾ ਰੁਪਿੰਦਰ ਸਿੰਘ ਉਰਫ ਰਾਜਾ ਫਾਰਮੇਸੀ ਅਫਸਰ ਹਨ। ਆਪ ਦਾ ਵਿਆਹ ਸ ਮੁੱਖਤਿਆਰ ਸਿੰਘ ਸੇਖੋਂ ਨਿਵਾਸੀ ਚੂਹੜਚੱਕ ਦੀ ਧੀ ਰਾਣੀ ਕਰਮਜੀਤ ਕੌਰ ਨਾਲ 1995 ਵਿੱਚ ਹੋਇਆ ਆਪ ਦੀ ਇੱਕ ਲੜਕੀ ਸਿਮਰਨ ਕੌਰ ਤੇ ਲੜਕਾ ਕੰਵਰਪਾਲ ਸਿੰਘ ਖੋਸਾ ਜੋ ਕਿ ਨਿਊਜੀਲੈਂਡ ਵਿਖੇ ਖੋਸਾ ਪਰਿਵਾਰ ਦਾ ਨਾਂ ਰੋਸ਼ਨ ਕਰ ਰਹੇ ਹਨ। ਸਵਰਗੀ ਗੁਰਦੀਸ਼ ਸਿੰਘ ਖੋਸਾ ਦੇ ਨਮਿਤ ਸ੍ਰੀ ਸਹਿਜ ਪਾਠ ਦਾ ਭੋਗ 6 ਜਨਵਰੀ ਦਿਨ ਵੀਰਵਾਰ ਨੂੰ ਗੁਰਦੁਆਰਾ ਸ੍ਰੀ ਵਿਸ਼ਕਰਮਾ ਭਵਨ ਸਾਹਮਣੇ ਆਈ ਟੀ ਆਈ ਮੋਗਾ ਵਿਖੇ 12 .00ਤੋਂ 1.00 ਵਜੇ ਤੱਕ ਪਵੇਗਾ।

ਸਪੰਰਕ ਖੋਸਾ ਅਤੇ ਸੇਖੋਂ ਪਰੀਵਾਰ
+91 98154 54527 ਸੁਰਿੰ-ਦਰਪਾਲ ਸਿੰਘ ਖੋਸਾ
ਰਾਜਾ ਖੋਸਾ +91 70090 54890(ਭਰਾ )

*-ਧੰਨਵਾਦ ਸਹਿਤ*
*ਚਰਨਜੀਤ ਸਲੀਣਾ*

# 1626 ਕਰੋੜ ਰੁਪਏ ਦੀ ਫਰਾਡ ਕੇਸ ’ਚ ਸੀ ਬੀ ਆਈ ਵੱਲੋਂ ਛਾਪੇ




ਚੰਡੀਗੜ੍ਹ, 4 ਜਨਵਰੀ (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਕਰੀਬ 1626 ਕਰੋੜ ਰੁਪਏ ਦੇ ਬੈਂਕ ਫਰਾਡ ਕੇਸ ਵਿੱਚ ਚੰਡੀਗੜ੍ਹ ਅਤੇ ਪੰਜਾਬ ਦੇ ਕੁਝ ਟਿਕਾਣਿਆਂ ਉੱਤੇਕੱਲ੍ਹ ਤਿੰਨ ਘੰਟੇ ਛਾਪੇਮਾਰੀ ਕੀਤੀ। ਇਸ ਮੌਕੇ ਇਹ ਟੀਮ ਇਸਕੇਸ ਨਾਲ ਜੁੜੇ ਕਈ ਅਹਿਮ ਸਬੂਤ ਇਕੱਠੇ ਕਰਨ ਪਿੱਛੋਂ ਵਾਪਸ ਚਲੀ ਗਈ।

ਪਤਾ ਲੱਗਾ ਹੈ ਕਿ ਚੰਡੀਗੜ੍ਹ ਤੇ ਪੰਜਾਬ ਦੇ ਇਨ੍ਹਾਂ ਟਿਕਾਣਿਆਂ ਉੱਤੇ 1626 ਕਰੋੜ ਰੁਪਏ ਦੀ ਬੈਂਕ ਧੋਖਾਧੜੀ ਦੇ ਦੋਸ਼ ਵਿੱਚ ਇੱਕ ਦਵਾ ਕੰਪਨੀ ਦੇ ਡਾਇਰੈਕਟਰਾਂ ਖਿਲਾਫ ਕੇਸ ਦਰਜ ਕਰਨ ਤੋਂ ਬਾਅਦ ਦੂਜੀ ਵਾਰ ਛਾਪੇਮਾਰੀ ਹੋਈ ਹੈ। ਇਸ ਤੋਂ ਪਹਿਲਾਂ 31 ਦਸੰਬਰ 2021 ਨੂੰ ਚੰਡੀਗੜ੍ਹ, ਪੰਚਕੂਲਾ, ਲੁਧਿਆਣਾ, ਫਰੀਦਾਬਾਦ ਅਤੇ ਦਿੱਲੀ ਵਿੱਚ ਇਸ ਦਵਾ ਕੰਪਨੀ ਦੀਆਂ 12 ਥਾਵਾਂ ਉੱਤੇ ਛਾਪੇ ਮਾਰੇ ਗਏ ਸਨ। ਉਦੋਂ ਸੀ ਬੀ ਆਈ ਨੇ ਕੰਪਨੀ ਦੇ ਡਾਇਰੈਕਟਰਾਂ ਦੇ ਟਿਕਾਣਿਆਂ ਨੂੰ ਫੋਲਿਆ ਅਤੇ ਲਗਭਗ 1,58,96,000 ਰੁਪਏ ਨਕਦੀ ਅਤੇ ਇਤਰਾਜ਼ਯੋਗ ਦਸਤਾਵੇਜ਼ ਆਦਿ ਬਰਾਮਦ ਕੀਤੇ ਸਨ। ਜਾਂਚ ਏਜੰਸੀ ਦੇ ਅਧਿਕਾਰੀਆਂ ਅਨੁਸਾਰ ਇਸ ਕੇਸਦੀ ਜਾਂਚ ਹਾਲੇ ਜਾਰੀ ਹੈ। ਸੀ ਬੀ ਆਈ ਸੂਤਰਾਂ ਅਨੁਸਾਰ ਉਨ੍ਹਾਂ ਨੇ ਸੈਂਟਰਲ ਬੈਂਕ ਆਫ ਇੰਡੀਆ ਤੇ ਹੋਰ ਮੈਂਬਰ ਬੈਂਕਾਂ ਦੀ ਸ਼ਿਕਾਇਤ ਉੱਤੇ ਚੰਡੀਗੜ੍ਹ ਦੀ ਪੈਰਾਬੋਲਿਕ ਡਰੱਗਜ਼ ਲਿਮਟਿਡ ਕੰਪਨੀ ਅਤੇ ਮੈਨੇਜਿੰਗ ਡਾਇਰੈਕਟਰ, ਹੋਰ ਡਾਇਰੈਕਟਰਾਂ, ਗਾਰੰਟਰਾਂ ਤੇ ਅਣਪਛਾਤੇ ਲੋਕ ਸੇਵਕਾਂ, ਨਿੱਜੀ ਵਿਅਕਤੀਆਂ ਅਤੇ ਹੋਰਨਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਬੈਂਕ ਨੇ ਲਗਭਗ 1626.74 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੋਇਆ ਹੈ।ਦੋਸ਼ ਹੈ ਕਿ ਦਵਾਈਆਂ ਬਣਾਉਣ ਵਾਲੀ ਇਸ ਨਿੱਜੀ ਕੰਪਨੀ ਅਤੇ ਮੁਲਜ਼ਮਾਂ ਨੇ ਅਪਰਾਧਕ ਸਾਜ਼ਿਸ਼, ਜਾਅਲਸਾਜ਼ੀ ਕਰ ਕੇ ਬੈਂਕਾਂ ਨਾਲ ਲਗਭਗ 1626.74 ਕਰੋੜ ਰੁਪਏ ਦਾ ਫਰਾਡ ਕੀਤਾ ਹੈ। ਮੁਲਜ਼ਮਾਂ ਨੇ ਜਾਅਲੀ ਦਸਤਾਵੇਜ਼ਾਂ ਰਾਹੀਂ ਕਰਜ਼ਾ ਚੁੱਕਿਆ ਤੇ ਉਸ ਤੋਂ ਬਾਅਦ ਉਸ ਨੂੰ ਡਾਈਵਰਟ ਕਰ ਦਿੱਤਾ ਸੀ।

# ਗ਼ੈਰ ਕਾਂਗਰਸੀ ਲੋਕਾਂ ਦੀ ਆਮਦ ਨਾਲ ਕਾਂਗਰਸ ਪਾਰਟੀ ਦਾ ਕਲਚਰ ਵਿਗੜ ਗਿਐ: ਦੂਲੋ



ਚੰਡੀਗੜ੍ਹ, 4 ਜਨਵਰੀ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਕਿਹਾ ਹੈ ਕਿ ਕਾਂਗਰਸ ਵਿੱਚ ਇੱਕ ਦੂਜੇ ਵਿਰੁੱਧ ਲਾਏ ਜਾਂਦੇ ਦੋਸ਼ ਤੇ ਬਿਆਨਬਾਜ਼ੀ ਕਾਂਗਰਸ ਕਲਚਰ ਵਿੱਚ ਵਿਗਾੜ ਦਾ ਨਤੀਜਾ ਹੈ।ਕੱਲ੍ਹ ਇੱਥੇ ਪੱਤਕਰਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਗ਼ੈਰ ਕਾਂਗਰਸੀ ਸੋਚ ਵਾਲੇ ਲੋਕਾਂ ਦੇ ਦਾਖ਼ਲੇ ਕਾਰਨ ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਕਾਂਗਰਸ ਕਲਚਰ ਵਿੱਚ ਵਿਗਾੜ ਆਇਆ ਹੈ।

ਸ਼ਮਸ਼ੇਰ ਸਿੰਘ ਦੂਲੋ ਨੇ ਕਿਹਾ ਕਿ ਇਸ ਸਮੇਂ ਕਾਂਗਰਸ ਨੂੰ ਆਪਣੀ ਵਿਚਾਰਧਾਰਾ ਮੁਤਾਬਕ ਸਾਫ਼ ਸੁਥਰਾ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋਕ ਅੱਜਕੱਲ੍ਹ ਸਮਝਦਾਰ ਹੋ ਗਏ ਹਨ। ਜੇ ਕਾਂਗਰਸ ਦਾ ਕਾਟੋ ਕਲੇਸ਼ ਬੰਦ ਨਾ ਹੋਇਆ ਤਾਂ ਲੋਕ ਬਾਦਲਾਂ ਵਾਲਾ ਰਸਤਾ ਦਿਖਾ ਸਕਦੇ ਹਨ, ਇਸ ਲਈ ਨਹਿਰੂ, ਗਾਂਧੀ ਤੇ ਸ਼ਾਸਤਰੀ ਦਾ ਸੰਦੇਸ਼ ਦੇਣ ਵਾਲੀ ਕਾਂਗਰਸ ਦੀ ਲੋੜ ਹੈ।ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, ‘ਮੈਂ ਮਾਫ਼ੀਆ ਨਾਲ ਜੁੜੇ ਲੋਕਾਂ ਨੂੰ ਟਿਕਟਾਂ ਦੇਣ ਦੇ ਵਿਰੁੱਧ ਹਾਂ ਅਤੇ ਅਜਿਹੇ ਲੋਕਾਂ ਦਾ ਵਿਰੋਧ ਕਰਾਂਗਾ। ਜੇ ਮਾਈਨਿੰਗ ਤੇ ਸ਼ਰਾਬ ਮਾਫੀਆ ਨਾਲ ਜੁੜੇ ਲੋਕਾਂ ਨੂੰ ਟਿਕਟਾਂ ਮਿਲੀਆਂ ਤਾਂ ਮੈਂ ਖ਼ੁਦ ਵੀ ਚੋਣ ਨਹੀਂ ਲੜਾਂਗਾ।’ਉਨ੍ਹਾਂ ਵਿਧਾਨ ਸਭਾ ਚੋਣਾਂ ਲਈ ਚਿਹਰੇ ਬਾਰੇ ਕਿਹਾ ਕਿ ਇਹ ਫੈਸਲਾ ਪਾਰਟੀ ਹਾਈ ਕਮਾਨ ਨੇ ਕਰਨਾ ਹੈ ਪਰ ਮੇਰੀ ਰਾਏ ਹੈ ਕਿ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੌਣ ਅਗਵਾਈ ਕਰੇਗਾ।

# ਕਾਰ ਬੇਕਾਬੂ ਹੋ ਕੇ ਭਾਖੜਾ ਨਹਿਰ ਵਿੱਚ ਡਿੱਗੀ, ਦੋ ਔਰਤਾਂ ਦੀ ਮੌਤ



ਪਟਿਆਲਾ, 4 ਜਨਵਰੀ (ਪੋਸਟ ਬਿਊਰੋ)- ਬੀਤੀ ਰਾਤ ਇੱਕ ਕਾਰ ਬੇਕਾਬੂ ਹੋ ਕੇ ਪਟਿਆਲਾ-ਸੰਗਰੂਰ ਰੋਡ ਉੱਤੇ ਪੈਂਦੀ ਭਾਖੜਾ ਨਹਿਰ ਵਿੱਚ ਡਿੱਗ ਪਈ ਤੇ ਕਾਰ ਵਿੱਚ ਸਵਾਰ ਦੋ ਔਰਤਾਂ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ।

ਐਸ ਐਚ ਓ ਥਾਣਾ ਪਸਿਆਣਾ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਜਦੋਂ ਹਾਦਸੇ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸ਼ੰਕਰ ਡਾਈਵਰਜ਼ ਕਲੱਬ ਦੇ ਪ੍ਰਧਾਨ ਸ਼ੰਕਰ ਭਾਰਦਵਾਜ ਨੂੰ ਸੂਚਨਾ ਦਿੱਤੀ ਤਾਂ ਓਥੇ ਗੋਤਾਖੋਰਾਂ ਦੀ ਟੀਮ ਆਈ, ਪਰ ਰਾਤ ਦੇ ਹਨੇਰੇ ਤੇ ਠੰਢ ਕਾਰਨ ਕੁਝ ਪਤਾ ਨਾ ਲੱਗ ਸਕਿਆ। ਸਵੇਰੇ ਮੁੜ ਕਾਰਵਾਈ ਕਰਦਿਆਂ ਗੋਤਾਖੋਰਾਂ ਦੀ ਮਦਦ ਨਾਲ ਭਾਖੜਾ ਨਹਿਰ ਵਿੱਚ ਡਿੱਗੀ ਕਾਰ ਨੂੰ ਕੱਢ ਲਿਆ ਗਿਆ। ਕਾਰ ਵਿੱਚ ਸਵਾਰ ਦੋ ਔਰਤਾਂ ਦੀ ਮੌਤ ਹੋ ਗਈ। ਦੋਵੇਂ ਔਰਤਾਂ ਦੀ ਪਛਾਣ ਸਮੀਤਾ ਗਰਗ (26) ਤੇ ਨੀਲਮ ਗਰਗ (35) ਵਜੋਂ ਹੋਈ ਹੈ। ਪੁਲਸ ਵੱਲੋਂ ਜਾਂਚ ਕਰ ਰਹੀ ਹੈ।

# ਹਾਈ ਕੋਰਟਨੇ ਸਰਕਾਰ ਨੂੰ ਕਿਹਾ: ਅਜਿਹੇ ਕਦਮ ਚੁੱਕੋ ਕਿ ਤਲਾਕ ਦੇ ਕਾਰਨ ਬਚਪਨ ਪੀਸਿਆ ਜਾਵੇ

ਚੰਡੀਗੜ੍ਹ, 4 ਜਨਵਰੀ (ਪੋਸਟ ਬਿਊਰੋ)- ਪਤੀ-ਪਤਨੀ ਦੇ ਆਪਸੀ ਝਗੜੇ ਅਤੇ ਵੱਖ ਹੋਣ ਕਾਰਨ ਬੱਚਿਆਂ ਦਾ ਬਚਪਨ ਨਾ ਪੀਸਿਆ ਜਾਵੇ ਅਤੇ ਉਨ੍ਹਾਂ ਨੂੰ ਮਾਤਾ ਤੇ ਪਿਤਾ ਦੋਵਾਂ ਦਾ ਪਿਆਰ ਮਿਲਦਾ ਰਹੇ, ਇਸ ਦੇ ਲਈ ਸਾਂਝੇ ਪਾਲਣ ਪੋਸ਼ਣ ਦੀ ਵਿਵਸਥਾ ਲਾਗੂ ਕਰਨ ਉੱਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ।

ਇਹ ਕੇਸ ਗੁਰਦਾਸਪੁਰ ਦਾ ਹੈ, ਜਿਸ ਵਿੱਚ ਪਿਤਾ ਨੂੰ ਬੇਟੀ ਨੂੰ ਮਿਲਣ ਲਈ ਹਰ ਸ਼ੁੱਕਰਵਾਰ ਦਾ ਸਮਾਂ ਦੇਣ ਦਾ ਹੁਕਮ ਦਿੱਤਾ ਗਿਆ ਸੀ। ਇਸ ਹੁਕਮ ਨੂੰ ਚੁਣੌਤੀ ਦਿੰਦੇ ਹੋਏ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਗਈ ਸੀ।ਹਾਈ ਕੋਰਟ ਨੇ ਅਜਿਹੇ ਕੇਸਾਂ ਵਿੱਚ ਬੱਚਿਆਂ ਦੇ ਮਾਤਾ-ਪਿਤਾਦੋਵਾਂ ਦੇ ਪਿਆਰ ਦਾ ਅਧਿਕਾਰ ਖੋਹਣ ਨੂੰ ਆਧਾਰ ਬਣਾ ਕੇ ਅਰਜ਼ੀ ਦਾ ਘੇਰਾ ਵਧਾ ਕੇ ਕੇਂਦਰ ਸਰਕਾਰ ਤੋਂ ਇਸ ਬਾਰੇ ਜਵਾਬ ਮੰਗਿਆ ਹੈ। ਕੇਂਦਰ ਸਰਕਾਰ ਨੇ ਦੱਸਿਆ ਕਿ ਇਸ ਬਾਰੇ ਸਾਰੇ ਰਾਜਾਂਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਉਨ੍ਹਾਂ ਦੀ ਰਾਏ ਮੰਗੀ ਗਈ ਹੈ। ਕੋਰਟ ਨੇ ਇਸ ਉੱਤੇ ਕਿਹਾ ਕਿ ਇਕੱਲੇ ਚੰਡੀਗੜ੍ਹ ਵਿੱਚ ਘਰੇਲੂ ਵਿਵਾਦਾਂ ਦੇ 1700 ਕੇਸ ਵਿਚਾਰ ਅਧੀਨ ਹਨ। ਹੋਰ ਥਾਵਾਂ ਉੱਤੇ ਵੀ ਸਮੱਸਿਆ ਇਸੇ ਤਰ੍ਹਾਂ ਹੈ। ਇਸ ਤਰ੍ਹਾਂ ਦੇ ਕੇਸਾਂ ਵਿੱਚ ਵਿਚੋਲਗੀ ਇੱਕ ਬਦਲ ਹੋ ਸਕਦਾ ਹੈ, ਪਰ ਨਾ ਅਦਾਲਤਾਂ ਅਤੇ ਨਾ ਵਿਚੋਲੇ ਇੰਨੇ ਸਮਰੱਥ ਹਨ ਕਿ ਉਹ ਬੱਚੇ ਦੀ ਸਇਕੋਲੋਜੀ ਸਮਝ ਸਕਣ। ਇਸ ਲਈ ਸਾਂਝਾ ਪਾਲਣ ਪੋਸ਼ਣ ਇੱਕ ਅਜਿਹਾ ਬਦਲ ਹੋ ਸਕਦਾ ਹੈ ਜਿਸ ਤੋਂ ਬੱਚੇ ਨੂੰ ਮਾਤਾ ਪਿਤਾਦੋਵਾਂ ਦਾ ਪਿਆਰ ਮਿਲ ਸਕੇ ਤੇ ਮਾਪਿਆਂ ਨੂੰ ਵੀ ਸਾਲਾਂ ਤਕ ਕੋਰਟ ਦੇ ਚੱਕਰ ਨਾ ਕੱਟਣੇ ਪੈਣ। ਕੋਰਟ ਨੇ ਸਾਂਝਾ ਪਾਲਣ-ਪੋਸ਼ਣ ਉੱਤੇ ਅਗਲੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੂੰ ਜਵਾਬ ਦੇਣ ਦਾ ਹੁਕਮ ਦਿੱਤਾ ਹੈ ਅਤੇ ਕੋਰਟ ਮਿੱਤਰ ਐਡਵੋਕੇਟ ਦਿਵਿਆ ਸ਼ਰਮਾ ਨੂੰ ਅਪੀਲ ਕੀਤੀ ਕਿਉਹ ਅਗਲੀ ਸੁਣਵਾਈ ਉੱਤੇ ਇਹ ਦੱਸਣ ਕਿ ਇਸ ਸਿਸਟਮ ਦੇ ਲਈ ਕਿਹੜੇ ਸਾਧਨਾਂ ਦੀ ਜ਼ਰੂਰਤ ਪਵੇਗੀ।

# ਥਾਣੇ ਆਇਆ ਏਜੰਟ ਲੋਕਾਂ ਨੂੰ ਦੇਖ ਕੇ 10 ਫੁੱਟ ਦੀ ਉਚਾਈ ਤੋਂ ਛਾਲ ਮਾਰ ਕੇ ਭੱਜਿਆ

ਜਲੰਧਰ, 4 ਜਨਵਰੀ (ਪੋਸਟ ਬਿਊਰੋ)- ਬਿਆਨ ਦਰਜ ਕਰਵਾਉਣ ਆਏ ਏਜੰਟ ਨੇ ਐਨ ਆਰ ਆਈ ਥਾਣੇ ਦੇ ਬਾਹਰ ਖੜ੍ਹੇ ਲੋਕਾਂ ਦੇ ਵਿਰੋਧ ਤੋਂ ਡਰ ਕੇ ਥਾਣੇ ਦੀ 10 ਫੁੱਟ ਉਚੀ ਖਿੜਕੀ ਵਿੱਚੋਂ ਛਾਲ ਮਾਰੀ ਤੇ ਫਰਾਰ ਹੋ ਗਿਆ। ਉਸ ਨੇ ਥਾਣੇ ਵਿੱਚ ਜ਼ਬਤ ਕੀਤੀਆਂ ਗੱਡੀਆਂ ਉੱਤੇ ਛਾਲ ਮਾਰੀ ਅਤੇ ਥਾਣੇ ਦੀ ਇੱਕ ਹੋਰ ਕੰਧ ਟੱਪ ਕੇ ਭੱਜ ਗਿਆ।

ਪੁਲਸ ਅਨੁਸਾਰ ਏਜੰਟ ਖ਼ਿਲਾਫ਼ ਕੋਈ ਕੇਸ ਦਰਜ ਨਹੀਂ, ਪਰ ਉਸ ਦੇ ਖ਼ਿਲਾਫ਼ ਧੋਖਾਧੜੀ ਦੀਆਂ ਸ਼ਿਕਾਇਤਾਂ ਚੱਲ ਰਹੀਆਂ ਹਨ। ਮਿਲੀ ਜਾਣਕਾਰੀ ਮੁਤਾਬਕ ਵਿਦੇਸ਼ ਵਿੱਚ ਰਹਿੰਦੀ ਦੀਪਿਕਾ ਨਾਂ ਦੀ ਔਰਤ ਨੇ ਪੁਲਸ ਕਮਿਸ਼ਨਰ ਨੂੰ ਆਪਣਾ ਸੋਸ਼ਲ ਮੀਡੀਆ ਅਕਾਊਂਟ ਹੈਕ ਕਰਨ ਦੀ ਸ਼ਿਕਾਇਤ ਦਿੱਤੀ ਸੀ, ਜਿਸ ਬਾਰੇਕੇਸ ਐਨ ਆਰ ਆਈ ਥਾਣੇ ਨੂੰ ਭੇਜਿਆ ਗਿਆ ਸੀ। ਥਾਣਾ ਸਦਰ ਦੇ ਮੁਖੀ ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਉਸ ਸ਼ਿਕਾਇਤ ਕਾਰਨ ਏਜੰਟ ਨੂੰ ਬਿਆਨ ਦੇਣ ਲਈ ਬੁਲਾਇਆ ਸੀ। ਇਸ ਦੌਰਾਨ ਭੀੜ ਥਾਣੇ ਦੇ ਬਾਹਰ ਇਕੱਠੀ ਹੋ ਗਈ ਤੇ ਹੰਗਾਮਾ ਸ਼ੁਰੂ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਏਜੰਟ ਦੇ ਖ਼ਿਲਾਫ਼ ਐਂਟੀ ਫਰਾਡ ਵਿੱਚ ਵੀ ਸ਼ਿਕਾਇਤਾਂ ਚੱਲਦੀਆਂ ਸਨ, ਜਿਸ ਕਾਰਨ ਐਂਟੀ ਫਰਾਡ ਟੀਮ ਵੀ ਓਥੇ ਆਣ ਪਹੁੰਚੀ ਅਤੇ ਮਾਹੌਲ ਗਰਮ ਹੁੰਦਾ ਦੇਖ ਕੇ ਏਜੰਟ ਨੇ ਬਿਆਨ ਦਿੰਦੇ ਸਮੇਂ ਖਿੜਕੀ ਵਿੱਚੋਂ ਹੇਠਾਂ ਛਾਲ ਮਾਰ ਦਿੱਤੀ ਤੇ ਥਾਣੇ ਦੀ ਕੰਧ ਉੱਤੇ ਚੜ੍ਹ ਕੇ ਭੱਜ ਗਿਆ। ਉਸ ਦੇ ਭੱਜਣ ਪਿੱਛੋਂ ਬਾਹਰ ਖੜ੍ਹੇ ਲੋਕਾਂ ਨੇ ਦੋ ਘੰਟੇ ਤਕ ਹੰਗਾਮਾ ਕੀਤਾ। ਲੋਕਾਂ ਨੇ ਦੋਸ਼ ਲਾਇਆ ਕਿ ਏਜੰਟ ਪੁਲਸ ਦੀ ਮਿਲੀਭੁਗਤ ਨਾਲ ਭੱਜਿਆ, ਪਰ ਪੁਲਸ ਨੇ ਅਜਿਹੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਪੁਲਸ ਦਾ ਕਹਿਣਾ ਹੈ ਕਿ ਉਹ ਵਿਅਕਤੀ ਡਰ ਕੇ ਭੱਜ ਗਿਆ ਹੈ, ਜਿਸ ਨੂੰ ਮੁੜ ਬੁਲਾਇਆ ਜਾਵੇਗਾ।

# ਟਰਾਲੀ ਤੇ ਕਾਰ ਦੀ ਟੱਕਰ ਵਿੱਚ ਇੱਕੋ ਘਰ ਦੇ ਚਾਰ ਜੀਆਂ ਦੀ ਮੌਤ

ਨੌਸ਼ਹਿਰਾ ਪੰਨੂੰਆ, 4 ਜਨਵਰੀ (ਪੋਸਟ ਬਿਊਰੋ)- ਨੈਸ਼ਨਲ ਹਾਈਵੇ 54 ਉੱਤੇ ਨੌਸ਼ਹਿਰਾਂ ਪਨੂੰਆ ਵਿਖੇ ਕਾਰ ਅਤੇ ਮਿੱਟੀ ਵਾਲੀ ਟਰਾਲੀ ਦੀ ਟੱਕਰ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਕਟੋਰੇਵਾਲਾ ਜ਼ਿਲ੍ਹਾ ਮੁਕਤਸਰ ਦੇ ਚੰਨਣ ਸਿੰਘ ਪੁੱਤਰ ਮੋਹਨ ਸਿੰਘ ਨੇ ਆਪਣੇ ਬੇਟੇ ਅਨਮੋਲਦੀਪ ਸਿੰਘ ਦਾ ਵਿਆਹ ਗਗਨਦੀਪ ਕੌਰ ਨਾਲ 13 ਦਸੰਬਰ ਨੂੰ ਕੀਤਾ ਸੀ, ਜਿਸ ਦੀ ਸੁੱਖਣਾ ਅਤੇ ਆਪਣੀ ਬੇਟੀ ਰਜਿੰਦਰ ਕੌਰ ਪਤਨੀ ਸਤਬੀਰ ਸਿੰਘ ਵਾਸੀ ਸੰਘਾ ਨੂੰ ਲੋਹੜੀ ਦੇਣ ਲਈ ਪਿੰਡ ਕਟੋਰੇਵਾਲਾ ਤੋਂਪਰਵਾਰ ਨਾਲ ਕੱਲ੍ਹ ਸਵੇਰੇ ਜਾ ਰਹੇ ਸਨ।ਨੌਸ਼ਹਿਰਾ ਪਨੂੰਆ ਸੂਏ ਦੇ ਪੁਲ ਤੋਂ ਥੋੜ੍ਹਾ ਪਿੱਛੇ ਮਿੱਟੀ ਦੀ ਟਰਾਲੀ ਨਾਲ ਆਲਟੋ ਕਾਰ ਦੀ ਟੱਕਰ ਹੋ ਗਈ, ਜਿਸ ਕਾਰਨ ਗੁਰਦਵਾਰਾ ਬਾਬਾ ਬੁੱਢਾ ਸਾਹਿਬ ਜੀ ਦੇ ਦਰਸ਼ਨ ਕਰਨ ਜਾ ਰਹੇ ਮੁਕਤਸਰ ਦੇ ਪਿੰਡ ਕਟੋਰੇਵਾਲਾ ਦੇ ਇੱਕੋ ਪਰਵਾਰ ਦੇ ਪੰਜ ਮੈਂਬਰ ਸਵਾਰ ਸਨ। ਇਸ ਹਾਦਸੇ ਵਿੱਚ ਚੰਨਣ ਸਿੰਘ (70) ਪੁੱਤਰ ਮੋਹਨ ਸਿੰਘ, ਦਵਿੰਦਰ ਕੌਰ (65) ਪਤਨੀ ਚੰਨਣ ਸਿੰਘ ਤੇ ਡਰਾਈਵਰ ਅਜੈਪਾਲ ਸਿੰਘ (29) ਪੁੱਤਰ ਸੁਖਵੰਤ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ। ਗਗਨਦੀਪ ਕੌਰ ਪਤਨੀ ਅਨਮੋਲਦੀਪ ਸਿੰਘ ਨੂੰ ਜ਼ਖ਼ਮੀ ਹਾਲਾਤ ਵਿੱਚ ਹਸਪਤਾਲ ਲਿਜਾਇਆ ਗਿਆ, ਤਾਂ ਉਸ ਦੀ ਮੌਤ ਹੋ ਗਈ।ਚੰਨਣ ਸਿੰਘ ਦਾ ਇਕਲੌਤਾ ਪੁੱਤਰ ਅਨਮੋਲਦੀਪ ਸਿੰਘ ਜ਼ੇਰੇ ਇਲਾਜ ਹੈ। ਟ੍ਰੈਕਟਰ ਡਰਾਈਵਰ ਓਥੋਂ ਫ਼ਰਾਰ ਹੋ ਗਿਆ, ਜਿਸ ਦੀ ਭਾਲ ਅਤੇ ਜਾਂਚ ਦਾ ਕੰਮ ਜਾਰੀ ਹੈ।

# ਖੁੱਲ੍ਹੇ ਪਏ ਸੀਵਰੇਜ ਦੇ ਮੈਨਹੋਲ ਵਿੱਚ ਡਿੱਗ ਕੇ ਦੋ ਸਾਲਾ ਬੱਚੇ ਦੀ ਮੌਤ


ਮ੍ਰਿਤਕ ਬੱਚੇ ਦੇ ਪਰਿਵਾਰ ਵਾਲੇ ਵਿਰਲਾਪ ਕਰਦੇ ਹੋਏ।

ਅੰਮ੍ਰਿਤਸਰ, 4 ਜਨਵਰੀ (ਪੋਸਟ ਬਿਊਰੋ)- ਮਜੀਠਾ ਰੋਡ ਦੀ ਰਾਮਨਗਰ ਕਾਲੋਨੀ ਦੇ ਸੀਵਰੇਜ ਵਿੱਚ ਇੱਕ ਦੋ ਸਾਲ ਦੇ ਬੱਚੇ ਦੀ ਡਿੱਗਣ ਨਾਲ ਮੌਤ ਹੋ ਗਈ ਤਾਂ ਗੁੱਸੇ ਵਿੱਚ ਆਏ ਵਾਰਸਾਂਤੇ ਲੋਕਾਂ ਨੇ ਬੱਚੇ ਦੀ ਲਾਸ਼ ਮਜੀਠਾ ਰੋਡ ਮੁਖ ਮਾਰਗ ਉੱਤੇ ਰੱਖ ਕੇ ਚੱਕਾ ਜਾਮ ਕਰ ਦਿੱਤਾ ਅਤੇ ਠੇਕੇਦਾਰ ਉੱਤੇ ਕਾਰਵਾਈ ਦੀ ਮੰਗ ਕੀਤੀ। ਦੇਰ ਰਾਤ ਤਕ ਪ੍ਰਦਰਸ਼ਨਕਾਰੀ ਕਾਰਵਾਈ ਦੀ ਮੰਗ ਲਈ ਸੜਕ ਜਾਮ ਕਰ ਕੇ ਬੈਠੇ ਹੋਏ ਸਨ। ਇਸ ਮੌਕੇਬੱਚੇ ਦੇ ਪਿਤਾ ਪ੍ਰਸ਼ਾਂਤ ਨੇ ਦੱਸਿਆ ਕਿ ਉਸ ਦਾ ਬੱਚਾ ਕ੍ਰਿਸ਼ਨਾ ਸਵੇਰੇ 10 ਵਜੇ ਖੇਡਣ ਗਿਆ ਸੀ। ਜਦੋਂ ਉਹ ਘਰ ਵਾਪਸ ਨਹੀਂ ਆਇਆ ਤਾਂ ਉਨ੍ਹਾਂ ਨੇ ਲੱਭਣ ਦੀ ਕੋਸ਼ਿਸ਼ ਕੀਤੀ। ਉਦੋ ਘਰ ਦੇ ਕੋਲ ਹੀ ਖੁੱਲ੍ਹੇ ਪਏ ਸੀਵਰੇਜ ਮੈਨਹੋਲ ਵਿੱਚ ਉਨ੍ਹਾਂ ਦੇ ਬੱਚੇ ਕ੍ਰਿਸ਼ਨ ਦਾ ਸਰੀਰ ਤਰ ਰਿਹਾ ਸੀ। ਉਨ੍ਹਾਂ ਕਿਹਾ ਕਿ ਤਿੰਨ ਘੰਟੇ ਸੀਵਰੇਜ ਵਿੱਚ ਪਏ ਰਹਿਣ ਕਾਰਨ ਉਸਦੀ ਮੌਤ ਹੋ ਗਈ ਹੈ।ਲੋਕਾਂ ਦਾ ਕਹਿਣਾ ਹੈ ਕਿ ਰਾਮ ਨਗਰ ਕਾਲੋਨੀ ਦੇ ਬਹੁਤੇ ਸੀਵਰੇਜ ਮੈਨਹੋਲ ਬਿਨਾਂ ਢੱਕਣ ਦੇ ਹਨ ਅਤੇ ਠੇਕੇਦਾਰ ਵੱਲੋਂ ਉਨ੍ਹਾਂ ’ਤੇ ਧਿਆਨ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਅਕਸਰ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸੱਤ ਰੋਜ਼ਾ ਐਨਐਸਐਸ ਵਿਸ਼ੇਸ਼ ਕੈਂਪ ਦਾ ਉਦਘਾਟਨ ਕੀਤਾ



ਅੰਮ੍ਰਿਤਸਰ, 4 ਜਨਵਰੀ (ਪੋਸਟ ਬਿਊਰੋ - ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਨਐਸਐਸ ਯੂਨਿਟ-2 ਵੱਲੋਂ ਸੱਤ ਰੋਜ਼ਾ ਵਿਸ਼ੇਸ਼ ਕੈਂਪ ਦਾ ਉਦਘਾਟਨ ਇੱਥੇ ਯੂਨੀਵਰਸਿਟੀ ਕੈਂਪਸ ਵਿੱਚ ਕੀਤਾ ਗਿਆ। ਕੈਂਪ ਦਾ ਉਦੇਸ਼ ਵਿਦਿਆਰਥੀਆਂ ਅਤੇ ਵਲੰਟੀਅਰਾਂ ਨੂੰ ਸਮਾਜ ਦੇ ਹਾਸ਼ੀਏ ’ਤੇ ਪਏ ਵਰਗ ਨੂੰ ਉੱਚਾ ਚੁੱਕਣ ਲਈ ਨਿਰਸਵਾਰਥ ਕੰਮ ਕਰਨ ਸਬੰਧੀ ਜਾਗਰੂਕ ਕਰਨਾ ਹੈ।

ਕੈਂਪ ਦਾ ਉਦਘਾਟਨ ਕਰਦਿਆਂ ਵਿਸ਼ੇਸ਼ ਮਹਿਮਾਨ ਡੀਨ ਅਕਾਦਮਿਕ ਮਾਮਲੇ, ਪ੍ਰੋ. ਹਰਦੀਪ ਸਿੰਘ ਨੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਦਿਆਂ ਉਨ੍ਹਾਂ ਨੂੰ ਸਮਾਜ ਪ੍ਰਤੀ ਹਮੇਸ਼ਾ ਸਕਾਰਾਤਮਕ ਰਵੱਈਆ ਰੱਖਣ ਲਈ ਕਿਹਾ ਅਤੇ ਯੂਨੀਵਰਸਿਟੀ ਦੀ ਐਨਐਸਐਸ ਯੂਨਿਟ ਵੱਲੋਂ ਕਰਵਾਈਆਂ ਜਾਂਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਾਗਰੂਕ ਵਿਅਕਤੀ ਨਾ ਸਿਰਫ਼ ਮੌਲਿਕ ਅਧਿਕਾਰਾਂ ਦੀ ਸੰਭਾਲ ਕਰਦਾ ਹੈ ਬਲਕਿ ਇਹ ਉਹਨਾਂ ਨੂੰ ਆਪਣੇ ਬੁਨਿਆਦੀ ਫਰਜ਼ ਨਿਭਾਉਣ ਵਿਚ ਵੀ ਮਦਦ ਕਰਦਾ ਹੈ। ਇਸ ਉਪਰੰਤ ਵਿਦਿਆਰਥੀਆਂ ਨੇ ਐਨਐਸਐਸ ਗਤੀਵਿਧੀਆਂ ਬਾਰੇ ਆਪਣੇ ਅਨੁਭਵ, ਉਮੀਦਾਂ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

ਪ੍ਰੋਗਰਾਮ ਅਫਸਰ ਡਾ. ਰਾਜੇਸ਼ ਕੁਮਾਰ ਨੇ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਕੈਂਪ ਉਨ੍ਹਾਂ ਦੀ ਪੜ੍ਹਾਈ ਦੇ ਨਾਲ-ਨਾਲ ਸਮਾਜ ਦੀ ਸੇਵਾ ਕਰਨ ਵਿੱਚ ਮਦਦ ਕਰੇਗਾ। ਉਨ੍ਹਾਂ ਦੱਸਿਆ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵਿਦਿਆਰਥੀ/ਵਲੰਟੀਅਰ ਯੂਨੀਵਰਸਿਟੀ ਵੱਲੋਂ ਗੋਦ ਲਏ ਗਏ ਅੰਮ੍ਰਿਤਸਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨਗੇ ਜਿੱਥੇ ਵਲੰਟੀਅਰ ਸਮਾਜ ਦੀ ਉੱਨਤੀ ਲਈ ਆਪਣੀਆਂ ਸਵੈ-ਇੱਛੁਕ ਸੇਵਾਵਾਂ ਪ੍ਰਦਾਨ ਕਰਨਗੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਨਾਗਰਿਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਤਾਂ ਜੋ ਲੋੜ ਪੈਣ ’ਤੇ ਉਹ ਆਪਣਾ ਬੁਨਿਆਦੀ ਫਰਜ਼ ਨਿਭਾਉਣ। ਸੈਸ਼ਨ ਦੇ ਅੰਤ ਵਿੱਚ ਵਲੰਟੀਅਰ ਨੇ ਅਜਿਹੇ ਗਿਆਨ ਭਰਪੂਰ ਸੈਸ਼ਨ ਦਾ ਆਯੋਜਨ ਕਰਨ ਲਈ ਵਿਭਾਗ, ਪ੍ਰੋਗਰਾਮ ਅਫਸਰ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਹ ਕੈਂਪ 09 ਜਨਵਰੀ 2022 ਨੂੰ ਸਮਾਪਤ ਹੋਵੇਗਾ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
You only pay upon settlement
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਸਿੱਖ ਮੋਟਰਸਾਈਕਲ ਕਲੱਬ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਵੇਂ ਦਾ ਪ੍ਰੋਜੈਕਟ

## ਯਾਰੋ, ਕੋਲੰਬੀਆ ਵੈਲੀ, ਹੈਰੀਸਨ ਹੌਟ ਸਪ੍ਰਿੰਗਸ ਤੇ ਪ੍ਰਿੰਸਟਨ ਵਿੱਚ ਪਰਿਵਾਰਾਂ ਦੀ ਕੀਤੀ ਜਾ ਚੁੱਕੀ ਹੈ ਮਦਦ

ਸਿੱਖ ਮੋਟਰਸਾਈਕਲ ਕਲੱਬ ਦਾ ਨਾਂ ਸੁਣਦੇ ਸਾਰ ਆਪ ਮੁਹਾਰੇ ਹੀ ਅੱਖਾਂ ਮੂਹਰੇ ਸੋਹਣੀਆਂ ਦਸਤਾਰਾਂ ਸਜਾਈ ਲੋਹ ਘੋੜਿਆਂ ਤੇ ਸਵਾਰ ਗੱਭਰੂਆਂ ਦੇ ਕਾਫ਼ਲੇ ਦਾ ਅਕਸ ਉਕਰਿਆ ਜਾਂਦਾ ਹੈ। ਦੁਨੀਆਂ ਭਰ ਵਿੱਚ ਆਪਣੀਂ ਵੱਖਰੀ ਪਹਿਚਾਣ ਬਣਾਉਣ ਲਈ ਇਸ ਸੰਸਥਾ ਪਿੱਛੇ ਇਹਨਾਂ ਦਾ 20 ਸਾਲਾਂ ਦਾ ਗੌਰਮਈ ਇਤਿਹਾਸ ਖੜਾ ਹੈ। ਗੱਲ ਨਗਰ ਕੀਰਤਨਾਂ ਵਿੱਚ ਦਸਤਾਰਾਂ ਦੀ ਸੇਵਾ ਤੋਂ ਸ਼ੁਰੂ ਹੋ ਕੇ ਕੈਨਡਾ ਭਰ ਵਿੱਚ ਕੈਂਸਰ ਸੁਸਾਇਟੀ ਲਈ ਅਤੇ ਫਿਰ ਖਾਲਸਾ ਏਡ ਵਰਗੀ ਸਰਬੱਤ ਦਾ ਭਲਾ ਚਾਹੁੰਣ ਵਾਲੀ ਸੰਸਥਾ ਨਾਲ ਮਿਲ ਕੇ ਵਰਲਡ ਟੂਰ ਕਰਨ ਤੱਕ ਜਾ ਪਹੁੰਚੀ। ਇਹਨਾਂ ਕਾਰਜਾਂ ਨਾਲ ਜਿੱਥੇ ਸਿੱਖ ਕੌਮ ਦੇ ਹੋਰਨਾਂ ਭਾਈਚਾਰਿਆਂ ਨਾਲ ਨਿੱਘੇ ਸੰਬੰਧ ਬਣੇ ਉੱਥੇ ਸਿੱਖ ਮੋਟਰਸਾਈਕਲ ਕਲੱਬ ਆਪਣੀਆਂ ਸਮਾਜਿਕ ਜ਼ੁਮੇਵਾਰੀਆਂ ਪ੍ਰਤੀ ਹੋਰ ਵੀ ਪ੍ਰਪੱਕ ਹੋ ਗਿਆ।

ਬੀਤੇ ਵਰ੍ਹੇ ਦੇ ਨਾਲ ਨਾਲ ਬੀ. ਸੀ. ਵਿੱਚ ਅੱਗਾਂ ਅਤੇ ਹੜਾਂ ਵਰਗੀਆਂ ਕੁਦਰਤੀ ਆਫ਼ਤਾਂ ਵੀ ਆਈਆਂ ਜਿਹਨਾਂ ਨਾਲ ਬਹੁਤ ਸਾਰੇ ਪਰਿਵਾਰ ਪ੍ਰਭਾਵਿਤ ਹੋਏ। ਪਿਛਲੇ ਸਾਲ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਬੀ. ਸੀ. ਭਰ ਵਿੱਚ ਮਾਸਕ ਵੰਡਣ ਦੀ ਮੁਹਿੰਮ ਚਲਾਈ ਗਈ ਅਤੇ ਅੱਗਾਂ ਨਾਲ ਪੀੜਤ ਪਰਿਵਾਰਾਂ ਨੂੰ ਰਾਹਤ ਸਮਗਰੀ ਪਹੁੰਚਾਈ ਗਈ। ਹੜਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦੱਦ ਕਰਨ ਲਈ ਜਿੱਥੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਅੱਗੇ ਆਈਆਂ ਉੱਥੇ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਵੇਂ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਕਲੱਬ ਦੇ ਮੈਂਬਰਾਂ ਵਲੋਂ ਦਿਸੰਬਰ ਦੇ ਸ਼ੁਰੂ ਤੋਂ ਲੈ ਕੇ ਹਰ ਵੀਕਐਂਡ ਤੇ ਆਪਣੀਆਂ ਐਕਸਕਾਵੇਟਰ ਮਸ਼ੀਨਾਂ ਅਤੇ ਡੰਪ ਟਰੱਕਾਂ ਦੀਆਂ ਸੇਵਾਵਾਂ ਨਾਲ ਪ੍ਰੋਪਰਟੀਜ਼ ਨੂੰ ਕਲੀਨ ਕੀਤਾ ਜਾ ਰਿਹਾ ਹੈ ਅਤੇ ਬੰਦ ਪਈਆਂ ਸੜਕਾਂ ਅਤੇ ਡ੍ਰਾਈਵ ਵੇਅ ਨੂੰ ਦੁਬਾਰਾ ਚਾਲੂ ਕੀਤੇ ਜਾ ਰਿਹਾ ਹੈ ਤਾਂ ਕੇ ਪਰਿਵਾਰ ਵਾਪਸ ਆਪਣਿਆਂ ਘਰਾਂ ਨੂੰ ਪਰਤ ਸਕਣ। ਹੁਣ ਤੱਕ ਕਲੱਬ ਵੱਲੋਂ ਯਾਰੋ, ਕੋਲੰਬੀਆ ਵੈਲੀ, ਹੈਰੀਸਨ ਹੌਟ ਸਪ੍ਰਿੰਗਸ ਤੇ ਪ੍ਰਿੰਸਟਨ ਵਿੱਚ ਪਰਿਵਾਰਾਂ ਦੀ ਮਦੱਦ ਕੀਤੀ ਜਾ ਚੁੱਕੀ ਹੈ।

ਸਿੱਖ ਮੋਟਰਸਾਈਕਲ ਕਲੱਬ ਇਹ ਸੇਵਾਵਾਂ ਆਪਣੀਆਂ ਸਹਿਯੋਗੀ ਸੰਸਥਾਵਾਂ ਸਿੱਖ ਮੋਟਰਸਾਈਕਲ ਕਲੱਬ ਉਨਟਾਰੀਓ ਅਤੇ ਗੁਰਦਵਾਰਾ





ਸਾਹਿਬ ਸੁੱਖ ਸਾਗਰ ਨਿਊ ਵੈਸ-ਟਮਿਨਸਟਰ ਦੇ ਸਹਿਯੋਗ ਨਾਲ ਮੁਫ਼ਤ ਵਿੱਚ ਪ੍ਰਦਾਨ ਕਰ ਰਿਹਾ ਹੈ। ਜੇਕਰ ਤੁਸੀਂ ਵੀ ਅਜਿਹੇ ਕਿਸੇ ਪਰਿਵਾਰ ਨੂੰ ਜਾਣਦੇ ਹੋ ਜਿਸ ਨੂੰ ਇਹਨਾਂ ਸੇਵਾਵਾਂ ਦੀ ਜ਼ਰੂਰਤ ਹੋਵੇ ਤਾਂ ਸਿੱਖ ਮੋਟਰਸਾਈਕਲ ਕਲੱਬ ਦੇ ਫ਼ੋਨ 778-688-7454 ਤੇ ਸੰਪਰਕ ਕਰ ਸਕਦੇ ਹੋ।

# ਕਿਸਾਨ ਅੰਦੋਲਨ ਅਜੇ ਖ਼ਤਮ ਨਹੀਂ ਹੋਇਆ, 26 ਨੂੰ ਫਿਰ ਟਰੈਕਟਰ ਮਾਰਚ ਕੱਢਾਂਗੇ: ਟਿਕੈਤ



ਨਵੀਂ ਦਿੱਲੀ, 4 ਜਨਵਰੀ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ (ਬੀ ਕੇ ਯੂ) ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਕਿਸਾਨਾਂ ਦਾ ਅੰਦੋਲਨ ਅਜੇ ਖ਼ਤਮ ਨਹੀਂ ਹੋਇਆ, 15 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਹੋਵੇਗੀ, ਜਿਸ ਵਿੱਚ ਅਹਿਮ ਫ਼ੈਸਲੇ ਲਏ ਜਾਣਗੇ।

ਇਸ ਮੌਕੇ ਟਿਕੈਤ ਨੇ ਦੋਸ਼ ਲਾਇਆ ਕਿ ‘‘ਸਰਕਾਰ ਦਾ ਧਿਆਨ ਕਿਸਾਨਾਂ ਦੀ ਜ਼ਮੀਨ ਉਤੇ ਹੈ, ਇਸ ਤੋਂ ਜਾਗਰੂਕ ਹੋਣ ਦੀ ਲੋੜ ਹੈ। ਸਰਕਾਰ ਦਾ ਅਗਲਾ ਹਮਲਾ ਉਨ੍ਹਾਂ ਬੇਜ਼ਮੀਨੇ ਕਿਸਾਨਾਂ ਉਤੇ ਹੈ,ਜਿਹੜੇ ਪਸ਼ੂ ਪਾਲ ਕੇ ਅਤੇ ਦੁੱਧ ਵੇਚ ਕੇ ਗੁਜ਼ਾਰਾ ਕਰਦੇ ਹਨ।''ਉਨ੍ਹਾਂ ਕਿਹਾ ਕਿ ਹਰ ਸਾਲ 26 ਜਨਵਰੀ ਨੂੰ ਕਿਸਾਨਾਂ ਵੱਲੋਂ ‘ਟਰੈਕਟਰ ਮਾਰਚ’ ਕੱਢਿਆ ਜਾਵੇਗਾ। ਟਿਕੈਤ ਨੇ ਚਰਖੀ ਦਾਦਰੀ ਵਿੱਚ ਕਿਹਾ ਕਿ ਖਾਪ ਸਮਾਜ ਦਾ ਸ਼ੀਸ਼ਾ ਹਨ ਅਤੇ ਉਨ੍ਹਾਂ ਦਾ ਗੌਰਵਮਈ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਸੰਯੁਕਤ ਕਿਸਾਨ ਮੋਰਚਾ ਨੇ ਅੰਦੋਲਨ ਦੌਰਾਨ ਕਿਸਾਨਾਂ ਦਾ ਸਮਰਥਨ ਕੀਤਾ ਤਾਂ ਖਾਪਾਂ ਨੇ ਜ਼ੋਰਦਾਰ ਸਮਰਥਨ ਕੀਤਾ। ਟਿਕੈਤ ਆਜ਼ਾਦ ਵਿਧਾਇਕ ਅਤੇ ਫੋਗਟ ਖਾਪ 40 ਦੇ ਮੁੱਖੀ ਸੋਮਵੀਰ ਸਾਂਗਵਾਨ ਵੱਲੋਂ ਕਰਵਾਏ ਸਰਬ ਖਾਪ ਮਹਾਪੰਚਾਇਤ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਨੀਤ ਠੀਕ ਨਹੀਂ, ਕੇਸ ਅਜੇ ਪੂਰੀ ਤਰ੍ਹਾਂ ਵਾਪਸ ਨਹੀਂ ਹੋਏ। ਸੰਯੁਕਤ ਕਿਸਾਨ ਮੋਰਚਾ ਦੀ 15 ਜਨਵਰੀ ਨੂੰ ਮੀਟਿੰਗ ਹੋਵੇਗੀ ਜਿਸ ਵਿੱਚ ਅਹਿਮ ਫ਼ੈਸਲੇ ਲਏ ਜਾਣਗੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਹਰ ਵਿਭਾਗ ਦਾ ਨਿੱਜੀਕਰਨ ਕਰ ਕੇ ਬੇਰੁਜ਼ਗਾਰਾਂ ਦੀ ਫ਼ੌਜ ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਹਰ ਮੁੱਦੇ ਉਤੇ ਗੰਭੀਰ ਹੈ ਅਤੇ ਪਿੱਛੇ ਹਟਣ ਵਾਲਾ ਨਹੀਂ ਹੈ।

# ਗਵਰਨਰ ਸੱਤਿਆਪਾਲ ਮਲਿਕ ਦੇ ਮੁਤਾਬਕ ਖੇਤੀ ਕਾਨੂੰਨ ਮੁੱਦੇ ਉੱਤੇ ਮੋਦੀ ਘਮੰਡ ਵਿੱਚ ਸੀ

ਨਵੀਂ ਦਿੱਲੀ, 4 ਜਨਵਰੀ (ਪੋਸਟ ਬਿਊਰੋ)- ਕਿਸਾਨਾਂ ਦੇ ਮੁੱਦੇ ਉੱਤੇ ਲਗਾਤਾਰ ਕੇਂਦਰ ਸਰਕਾਰ ਦੀ ਆਲੋਚਨਾ ਕਰਨ ਵਾਲੇ ਮੇਘਾਲਿਆ ਦੇ ਗਵਰਨਰ ਸੱਤਿਆਪਾਲ ਮਲਿਕ ਨੇ ਕਿਹਾ ਹੈ ਕਿ ਜਦੋਂ ਉਹ ਖੇਤੀ ਕਾਨੂੰਨਾਂਦੇ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਤਾਂ ਉਨ੍ਹਾਂ ਦੀ ਮੋਦੀ ਨਾਲ ਬਹਿਸ ਹੋ ਗਈ ਤੇ ਪੰਜ ਮਿੰਟ ਦੇ ਅੰਦਰ ਸਾਡੇ ਦੋਵਾਂ ਵਿੱਚ ਝਗੜਾ ਹੋ ਗਿਆ, ਕਿਉਂਕਿ ਓਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਘੁਮੰਡ ਵਿੱਚ ਸੀ।

ਕੱਲ੍ਹ ਹਰਿਆਣਾ ਦੇ ਦਾਦਰੀ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਸੱਤਿਆਪਾਲ ਮਲਿਕ ਨੇ ਕਿਹਾ ਕਿ ਜਦੋਂ ਮੈਂ ਕਿਸਾਨਾਂ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਨੂੰ ਮਿ-ਲਆ ਤਾਂ ਮੇਰੀ ਪੰਜ ਮਿੰਟ ਵਿੱਚ ਉਨ੍ਹਾਂ ਨਾਲ ਲੜਾਈ ਹੋ ਗਈ। ਉਹ ਬਹੁਤ ਘੁਮੰਡ ਵਿੱਚ ਸਨ। ਜਦੋਂ ਮੈਂ ਉਨ੍ਹਾਂ ਨੂੰ ਕਿਹਾ ਕਿ ਸਾਡੇ 500 ਲੋਕ ਮਰ ਗਏ ਹਨ ਤਾਂ ਮੋਦੀ ਨੇ ਆਖਿਆ ਕਿ ‘ਮੇਰੇ ਲਈ ਮਰੇ ਹਨ?’ ਮੈਂ ਕਿਹਾ।‘ਤੁਹਾਡੇ ਲਈ ਹੀ ਮਰੇ ਹਨ, ਕਿਉਂਕਿ ਤੁਸੀਂ ਰਾਜਾ ਜੋ ਬਣੇ ਹੋਏ ਹੋ, ਇਸ ਬਾਰੇ ਮੇਰਾ ਮੋਦੀ ਨਾਲ ਝਗੜਾ ਹੋ ਗਿਆ।’ ਮਲਿਕ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਹਾ ਕਿ ਤੁਸੀਂ ਅਮਿਤ ਸ਼ਾਹ ਨੂੰ ਮਿਲ ਲਵੋ, ਜਿਸ ਤੋਂ ਬਾਅਦ ਮੈਂ ਅਮਿਤ ਸ਼ਾਹ ਨੂੰ ਮਿਲਿਆ ਤਾਂ ਉਨ੍ਹਾਂ ਨੂੰ ਕਿਹਾ ਕਿ ਜਦੋਂ ਇੱਕ ਕੁੱਤਾ ਵੀ ਮਰੇ ਤਾਂ ਪ੍ਰਧਾਨ ਮੰਤਰੀ ਸ਼ੋਕ ਸੰਦੇਸ਼ ਭੇਜਦੇ ਹਨ, ਪਰ ਕਿਸਾਨਾਂ ਦੀ ਮੌਤ ਉੱਤੇ ਉਹ ਚੁੱਪ ਹਨ।

ਮਲਿਕ ਨੇ ਇਸ ਬਿਆਨ ਦੇ ਬਾਅਦ ਸਫ਼ਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਇਹ ਨਹੀਂ ਕਿਹਾ ਕਿ ਅਮਿਤ ਸ਼ਾਹ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਕੁਝ ਗਲਤ ਕਿਹਾ। ਮਲਿਕ ਨੇ ਇਹ ਜ਼ਰੂਰ ਕਿਹਾ ਸੀ ਕਿ ਕੁਝ ਲੋਕ ਪ੍ਰਧਾਨ ਮੰਤਰੀ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਸੀ ਕਿ ਤੁਸੀਂ ਮਿਲਦੇ ਰਹੋ, ਇੱਕ ਦਿਨ ਉਨ੍ਹਾਂ ਨੂੰ ਗੱਲ ਸਮਝ ਆ ਜਾਵੇਗੀ।

ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਟਵਿੱਟਰ ਉੱਤੇਸੱਤਿਆਪਾਲ ਮਲਿਕ ਦੀ ਵੀਡੀਓ ਕਲਿੱਪ ਸਾਂਝੀ ਕੀਤੀ ਹੈ। ਇਸ ਵਿੱਚ ਮਲਿਕ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਜਦੋਂ ਉਹ ਕਿਸਾਨਾਂ ਦੇ ਮੁੱਦੇ ਉੱਤੇ ਪ੍ਰਧਾਨ ਮੰਤਰੀ ਨੂੰ ਮਿਲਣ ਗਏ ਤਾਂ ਮੋਦੀ ਘੁਮੰਡ ਵਿੱਚ ਸਨ ਤੇ ਪੰਜ ਮਿੰਟਾਂ ਵਿੱਚ ਉਨ੍ਹਾਂ ਦੀ ਮੋਦੀ ਨਾਲ ਲੜਾਈ ਹੋ ਗਈ। ਖੜਗੇ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਪ੍ਰਧਾਨ ਮੰਤਰੀ ਨੂੰ ਪਾਗਲ (ਮੈਡ) ਕਿਹਾ। ਸੰਵਿਧਾਨਕ ਅਹੁਦਿਆਂ ਉੱਤੇ ਬੈਠੇ ਲੋਕ ਇੱਕ ਦੂਜੇ ਲਈ ਇਸ ਤਰ੍ਹਾਂ ਬੋਲ ਰਹੇ ਹਨ।

# ਪ੍ਰਾਈਵੇਸੀ ਨੀਤੀ ਸਬੰਧੀ ਫੇਸਬੁੱਕ ਤੇ ਵਾਟਸਐਪ ਨੂੰ ਮੋਹਲਤ ਮਿਲੀ

ਨਵੀਂ ਦਿੱਲੀ, 4 ਜਨਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਫੇਸਬੁੱਕ ਤੇ ਵਾਟਸਐਪ ਨੂੰ ਭਾਰਤ ਦੇ ਕੰਪੀਟੀਸ਼ਨ ਕਮਿਸ਼ਨ (ਸੀ ਸੀ ਆਈ) ਵੱਲੋਂ ਜਾਰੀ ਦੋ ਨੋਟਿਸਾਂ ਦਾ ਜਵਾਬ ਦੇਣ ਲਈ ਦਿੱਤੀ ਮਿਆਦ ਦਾ ਸਮਾਂ ਵਧਾ ਦਿੱਤਾ ਹੈ। ਸੀ ਸੀ ਆਈ ਨੇ ਇੰਸਟੈਂਟ ਮੈਸੇਜਿੰਗ ਐਪ ਦੀ ਨਵੀਂ ਪ੍ਰਾਈਵੇਸੀ ਨੀਤੀ ਬਾਰੇ ਜਾਂਚ ਦੇ ਹੁਕਮ ਦਿੱਤੇ ਸਨ। ਵਾਟਸਐਪ ਤੇ ਫੇਸਬੁੱਕ ਨੇ ਸੀ ਸੀ ਆਈ ਦੇ ਕ੍ਰਮਵਾਰ ਚਾਰ ਤੇ ਅੱਠ ਜੂਨ 2021 ਨੂੰ ਜਾਰੀ ਨੋਟਿਸਾਂ ਨੂੰ ਚੁਣੌਤੀ ਦਿੱਤੀ ਸੀ। ਇਨ੍ਹਾਂ ਨੋਟਿਸਾਂ ਰਾਹੀਂ ਦੋਵਾਂ ਤੋਂ ਜਾਂਚ ਨਾਲ ਜੁੜੀ ਜਾਣਕਾਰੀ ਮੰਗੀ ਗਈ ਸੀ। ਚੀਫ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਜਿਓਤੀ ਸਿੰਘ ਦੇ ਬੈਂਚ ਨੇ ਕੱਲ੍ਹ ਸੁਣਵਾਈ ਦੌਰਾਨ ਨੋਟਿਸ ਲਿਆ ਕੇ ਡਾਟਾ ਸੁਰੱਖਿਆ ਬਿੱਲ ਨੂੰ ਅਜੇ ਤਕ ਅੰਤਿਮ ਰੂਪ ਨਹੀਂ ਦਿੱਤਾ ਗਿਆ, ਜਿਸ ਮਗਰੋਂ ਕੇਸ ਦੀ ਸੁਣਵਾਈ ਤੀਹ ਮਾਰਚ ਤਕ ਮੁਲਤਵੀ ਕਰ ਦਿੱਤੀ ਹੈ। ਬੈਂਚ ਨੇ ਕਿਹਾ, ‘ਸੀ ਸੀ ਆਈ ਵੱਲੋਂ ਅਪੀਲਕਰਤਾਵਾਂ (ਫੇਸਬੁੱਕ ਤੇ ਵਾਟਸਐਪ) ਨੂੰ ਪਿਛਲੇ ਸਾਲ ਚਾਰ ਜੂਨ ਅਤੇ ਅੱਠ ਜੂਨ ਨੂੰ ਜਾਰੀ ਨੋਟਿਸਾਂ ਦਾ ਜਵਾਬ ਦੇਣ ਦੀ ਮਿਆਦ ਵਧਾਈ ਜਾਂਦੀ ਹੈ।’

ਵਾਟਸਐਪ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਇੱਕ ਐਫੀਡੇਵਿਟ ਰਾਹੀਂ ਦਾਅਵਾ ਕੀਤਾ ਸੀ ਕਿ ਡਾਟਾ ਸੁਰੱਖਿਆ ਬਿੱਲ ਪਾਰਲੀਮੈਂਟ ਵਿੱਚ ਰੱਖਿਆ ਗਿਆ ਸੀ ਤੇ ਕੋਰਟ ਨੇ ਇਸ ਤੋਂ ਪਹਿਲਾਂ ਨੋਟਿਸਾਂ ਦਾ ਜਵਾਬ ਦੇਣ ਦੇ ਲਈ 11 ਅਕਤੂਬਰ 2021 ਦੀ ਤਰੀਕ ਰੱਖੀ ਸੀ, ਪਰ ਕੇਸ ਸੁਣਵਾਈ ਲਈ ਕੋਰਟ ਵਿੱਚ ਨਾ ਆਉਣ ਕਰ ਕੇ ਮਿਆਦ ਨਹੀਂ ਵਧਾਈ ਜਾ ਸਕੀ। ਸੀ ਸੀ ਆਈ ਵੱਲੋਂ ਪੇਸ਼ ਹੋਏਐਡੀਸ਼ਨਲ ਸਾਲਿਸਟਰ ਜਨਰਲ ਅਮਨ ਲੇਖੀ ਨੇ ਮੌਜੂਦਾ ਬਿੱਲ ਨੂੰ ‘ਬੇਤੁਕਾ’ ਦੱਸ ਕੇ ਕਿਹਾ ਕਿ ਇਹ ‘ਪ੍ਰਾਈਵੇਸੀ’ ਦੇ ਮੁੱਦੇ ਨਾਲ ਨਹੀਂ ਸਿੱਝਦਾ। ਫੇਸਬੁਕ ਦੇ ਵਕੀਲ ਨੇ ਕੇਸ ਵਿੱਚ ਧਿਰ ਬਣਾਏ ਜਾਣ ਦੀ ਮੰਗ ਕੀਤੀ ਹੈ, ਪਰ ਕੋਰਟ ਨੇ ਉਸ ਨੂੰ ਨਵੇਂ ਸਿਰੇ ਤੋਂ ਅਰਜ਼ੀ ਦਾਇਰ ਕਰਨ ਲਈ ਆਖ ਦਿੱਤਾ।

# ਸਿਆਸੀ ਖਿੱਚੋਤਾਣ ਦੌਰਾਨ ਸੂਡਾਨ ਦੇ ਪ੍ਰਧਾਨ ਮੰਤਰੀ ਵੱਲੋਂ ਅਸਤੀਫਾ

ਕਾਹਿਰਾ, 4 ਜਨਵਰੀ (ਪੋਸਟ ਬਿਊਰੋ)- ਸੂਡਾਨ ਦੇ ਪ੍ਰਧਾਨ ਮੰਤਰੀ ਅਬਦੁੱਲਾ ਹਮਦੋਕ ਨੇ ਫੌਜ ਵੱਲੋਂ ਤਖਤਾ ਪਲਟਣ ਤੋਂ ਬਾਅਦ ਪੈਦਾ ਹੋਈ ਸਿਆਸੀ ਖਿੱਚੋਤਾਣ ਅਤੇ ਲੋਕਤੰਤਰ ਪੱਖੀ ਹਮਾਇਤੀਆਂ ਦੇ ਵਿਰੋਧ ਦੌਰਾਨ ਬੀਤੇ ਦਿਨੀਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਅਤੇ ਹਾਲਾਤ ਤਨਾਅ ਵਾਲੇ ਬਣੇ ਹੋਏ ਹਨ।

ਯੂ ਐਨ ਦੇ ਸਾਬਕਾ ਅਧਿਕਾਰੀ ਹਮਦੋਕ ਨੂੰ ਸੂਡਾਨ ਦੀ ਸੱਤਾ ਤਬਦੀਲੀ ਵਾਲੀ ਸਰਕਾਰ ਵਿੱਚ ਆਮ ਲੋਕਾਂ ਦਾ ਚਿਹਰਾ ਮੰਨਿਆ ਜਾਂਦਾ ਸੀ। ਪਿਛਲੇ ਸਾਲ ਅਕਤੂਬਰ ਵਿੱਚ ਫੌਜ ਵੱਲੋਂ ਕੀਤੇ ਤਖਤਾ ਪਲਟ ਮਗਰੋਂ ਇੱਕ ਸਮਝੌਤੇ ਤਹਿਤ ਉਨ੍ਹਾਂ ਨੂੰ ਨਵੰਬਰ ਵਿੱਚ ਫਿਰ ਅਹੁਦੇ ਉੱਤੇ ਤੈਨਾਤ ਕੀਤਾ ਗਿਆ ਸੀ। ਓਦੋਂ ਉਹ ਆਪਣੇ ਮੰਤਰੀ ਮੰਡਲ ਦਾ ਗਠਨ ਕਰਨ ਵਿੱਚ ਨਾਕਾਮ ਰਹੇ ਸਨ ਅਤੇ ਉਨ੍ਹਾਂ ਦੇ ਅਸਤੀਫੇ ਨੇ ਸੂਡਾਨ ਨੂੰ ਸੁੱਰਖਿਆ, ਆਰਥਿਕ ਚੁਣੌਤੀਆਂ ਅਤੇ ਸਿਆਸੀ ਦੁਵਿਧਾ ਵੱਲ ਧੱਕ ਦਿੱਤਾ ਹੈ। ਹਮਦੋਕ ਨੇ ਬੀਤੇ ਦਿਨੀਂ ਟੀ ਵੀ ਉੱਤੇ ਆਪਣੇ ਸੰਬੋਧਨ ਦੌਰਾਨ ਗੱਲਬਾਤ ਦਾ ਸੱਦਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਹੁਦਾ ਛੱਡਣ ਨਾਲ ਕਿਸੇ ਹੋਰ ਵਿਅਕਤੀ ਨੂੰ ਦੇਸ਼ ਦੀ ਅਗਵਾਈ ਕਰਨ ਤੇ ਮੁਲਕ ਵਿੱਚ ਲੋਕਤੰਤਰ ਬਹਾਲ ਕਰਨ ਦਾ ਮੌਕਾ ਮਿਲੇਗਾ। ਉਂਝ ਉਨ੍ਹਾਂ ਆਪਣੇ ਜਾਨਸ਼ੀਨ ਦੇ ਨਾਂਅ ਦਾ ਐਲਾਨ ਨਹੀਂ ਕੀਤਾ। ਹਮਦੋਕ ਨੇ ਕਿਹਾ ਕਿ ਉਨ੍ਹਾਂ ਦੇਸ਼ ਨੂੰ ਡੂੰਘੇ ਸੰਕਟ ਵਿੱਚ ਜਾਣ ਤੋਂ ਰੋਕਣ ਲਈ ਕੋਸ਼ਿਸ਼ਾਂ ਕੀਤੀਆਂ, ਪਰ ਉਹ ਨਾਕਾਮ ਰਹੇ। ਪਿਛਲੇ ਦੋ ਹਫਤਿਆਂ ਤੋਂ ਕਿਆਸ ਲੱਗ ਰਹੇ ਸਨ ਕਿ ਉਹ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫਾ ਦੇਣਗੇ। ਉਨ੍ਹਾਂ ਨੂੰ ਅਹੁਦੇ ਉੱਤੇਰੱਖਣ ਲਈ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਵੀ ਕੋਸ਼ਿਸ਼ਾਂ ਹੋਈਆਂ ਸਨ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਟਵਿੱਟਰ ਉੱਤੇ ਸੂਡਾਨ ਦੇ ਆਗੂਆਂ ਨੂੰ ਕਿਹਾ ਹੈ ਕਿ ਉਹ ਮਤਭੇਦ ਭੁਲਾ ਕੇ ਸਰਬਸੰਮਤੀ ਨਾਲ ਆਮ ਲੋਕਾਂ ਦੀ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰਨ।

# ਭਾਰਤ ਸਾਰਕ ਵਾਰਤਾ ਲਈ ਪਾਕਿ ਨਹੀਂ ਆ ਸਕਦਾ ਤਾਂ ਵਰਚੁਅਲੀ ਸ਼ਾਮਲ ਹੋ ਜਾਵੇ: ਕੁਰੈਸ਼ੀ



ਇਸਲਾਮਾਬਾਦ, 4 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਦਾ ਦੇਸ਼ ਸਾਰਕ ਗਰੁੱਪ ਦੇ ਸੱਤ ਦੇਸ਼ਾਂ ਦੀ ਸਿਖਰ ਵਾਰਤਾ ਦੀ ਮੇਜ਼ਬਾਨੀ ਲਈ ਤਿਆਰ ਹੈ ਅਤੇ ਜੇ ਭਾਰਤ ਦੀ ਲੀਡਰਸ਼ਿਪ ਇਸਲਾਮਾਬਾਦ ਨਹੀਂ ਆਉਣਾ ਚਾਹੁੰਦੀ ਤਾਂ ਵਰਚੁਅਲੀ ਵਾਰਤਾ ਵਿੱਚ ਸ਼ਾਮਲ ਹੋ ਸਕਦਾ ਹੈ।

ਅਪਾਣੇ ਵਿਦੇਸ਼ ਮੰਤਰਾਲੇ ਵੱਲੋਂ ਪਿਛਲੇ ਸਾਲ (2021) ਵਿੱਚ ਕੀਤੀਆਂ ਪ੍ਰਾਪਤੀਆਂ ਗਿਣਾਉਣ ਲਈ ਸੱਦੀ ਗਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੁਰੈਸ਼ੀ ਨੇ ਦੋਸ਼ ਲਾਇਆ ਕਿ ਭਾਰਤ ਨੇ ਸਿਖਰ ਵਾਰਤਾ ਲਈ ਇਸਲਾਮਾਬਾਦ ਨਾ ਆਉਣ ਦੇ ਆਪਣੇ ਹੱਠੀ ਰੁਖ ਕਰ ਕੇ ਸਾਰਕ ਨੂੰ ‘ਸਫੈਦ ਹਾਥੀ’ ਬਣਾ ਛੱਡਿਆ ਹੈ। ਉਨ੍ਹਾ ਕਿਹਾ, ‘‘ਮੈਂ 19ਵੀਂ ਸਿਖਰ ਵਾਰਤਾ ਲਈ ਸੱਦੇ ਨੂੰ ਦੁਹਰਾਉਂਦਾ ਹਾਂ। ਭਾਰਤ ਜੇ ਇਸਲਾਮਾਬਾਦ ਆਉਣ ਲਈ ਤਿਆਰ ਨਹੀਂ ਤਾਂ ਉਹ ਵਾਰਤਾ ਵਿੱਚ ਵਰਚੁਅਲੀ ਸ਼ਾਮਲ ਹੋ ਸਕਦਾ ਹੈ, ਪਰ ਉਹ ਹੋਰ ਮੈਂਬਰ ਮੁਲਕਾਂ ਨੂੰ ਇਸ ਵਿੱਚ ਸ਼ਾਮਲ ਹੋਣ ਤੋਂ ਨਾ ਰੋਕੇ।''

ਵਰਨਣ ਯੋਗ ਹੈ ਕਿ ਪਾਕਿਸਤਾਨ ਨੇ ਸਾਲ 2016 ਵਿੱਚ 15-19 ਨਵੰਬਰ ਤੱਕ ਸਾਰਕ ਸਿਖਰ ਵਾਰਤਾ ਦੀ ਮੇਜ਼ਬਾਨੀ ਕਰਨੀ ਸੀ, ਪਰ ਉਸੇ ਸਾਲ 18 ਸਤੰਬਰ ਨੂੰ ਜੰਮੂ ਕਸ਼ਮੀਰ ਦੇ ਉੜੀ ਵਿੱਚ ਭਾਰਤੀ ਫੌਜ ਦੇ ਕੈਂਪ ਉੱਤੇ ਹਮਲੇ ਮਗਰੋਂ ਭਾਰਤ ਨੇ ‘ਮੌਜੂਦਾ ਹਾਲਾਤ’ ਦੇ ਹਵਾਲੇ ਨਾਲ ਵਾਰਤਾ ਵਿੱਚ ਹਾਜ਼ਰੀ ਭਰਨ ਤੋਂ ਨਾਂਹ ਕਰ ਦਿੱਤੀ ਸੀ। ਇਸ ਮਗਰੋਂ ਬੰਗਲਾ ਦੇਸ਼, ਭੂਟਾਨ ਤੇ ਅਫਗਾਨਿਸਤਾਨ ਦੇ ਵੀ ਸਿਖਰ ਵਾਰਤਾ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਮਗਰੋਂ ਇਸ ਨੂੰ ਰੱਦ ਕਰਨਾ ਪਿਆ ਸੀ। ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ, ਭਾਰਤ ਸਮੇਤ ਆਪਣੇ ਸਾਰੇ ਗੁਆਂਢੀਆਂ ਨਾਲ ਸ਼ਾਂਤੀਪੂਰਨ ਰਿਸ਼ਤੇ ਚਾਹੁੰਦਾ ਹੈ, ਪਰ ਰਿਸ਼ਤਿਆਂ ਵਿੱਚ ਸੁਧਾਰ ਦੀ ਜ਼ਿੰਮੇਵਾਰੀ ਭਾਰਤ ਸਿਰ ਹੈ।

# ਲਖੀਮਪੁਰ ਖੀਰੀ ਕੇਸ ਵਿੱਚ ਐਸ ਆਈ ਟੀ ਵੱਲੋਂ ਦੋਸ਼ ਪੱਤਰ ਦਾਇਰ

### * ਕੇਂਦਰੀ ਮੰਤਰੀ ਦੇ ਪੁੱਤਰ ਅਸ਼ੀਸ਼ ਸਣੇ 14 ਨੂੰ ਦੋਸ਼ੀ ਬਣਾਇਆ

ਲਖੀਮਪੁਰ ਖੀਰੀ, 4 ਜਨਵਰੀ (ਪੋਸਟ ਬਿਊਰੋ)- ਬੀਤੇ 3 ਅਕਤੂਬਰ ਦੀ ਲਖੀਮਪੁਰ ਖੀਰੀ ਹਿੰਸਾ ਦੀ ਜਾਂਚ ਕਰਨ ਵਾਲੀ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਨੇ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਅਸ਼ੀਸ਼ ਮਿਸ਼ਰਾ ਸਮੇਤ 14 ਮੁਲਜ਼ਮਾਂ ਖ਼ਿਲਾਫ਼ ਦੋਸ਼ ਪੱਤਰ ਦਾਇਰ ਕੀਤਾ ਹੈ।

ਚੀਫ ਜੁਡੀਸ਼ਲ ਮੈਜਿਸਟ੍ਰੇਟ (ਸੀ ਜੇ ਐਮ) ਚਿੰਤਾ ਰਾਮ ਦੀ ਅਦਾਲਤ ਵਿੱਚ ਕੱਲ੍ਹ ਇਹ ਦੋਸ਼ ਪੱਤਰ ਦਾਇਰ ਕੀਤਾ ਗਿਆ। ਵਰਨਣ ਯੋਗ ਹੈ ਕਿ ਐਸ ਆਈ ਟੀ ਨੇ ਇਸ ਕੇਸਦੇ 13



ਦੋਸ਼ੀਆਂ, ਜਿਨ੍ਹਾਂ ਵਿੱਚ ਅਸ਼ੀਸ਼ ਮਿਸ਼ਰਾ ਉਰਫ਼ ਮੋਨੂੰ, ਅੰਕਿਤ ਦਾਸ, ਨੰਦਨ ਸਿੰਘ ਬਿਸ਼ਟ, ਸਤਿਅਮ ਤ੍ਰਿਪਾਠੀ, ਲਤੀਫ਼ ਉਰਫ਼ ਕਾਲੇ, ਸ਼ੇਖਰ ਭਾਰਤੀ, ਸੁਮਿਤ ਜੈਸਵਾਲ, ਅਸ਼ੀਸ਼ ਪਾਂਡੇ, ਲਵਕੁਸ਼ ਰਾਣਾ, ਸਿਸ਼ੂ ਪਾਲ, ਉਲਾਸ ਕੁਮਾਰ ਉਰਫ਼ ਮੋਹਿਤ ਤ੍ਰਿਵੇਦੀ ਰਿੰਕੂ ਰਾਣਾ ਤੇ ਧਰਮੇਂਦਰ ਬਨਜਾਰਾ ਸ਼ਾਮਲ ਹਨ, ਨੂੰ ਗ੍ਰਿਫ਼ਤਾਰ ਕੀਤਾ ਸੀ। ਐਸ ਪੀ, ਓ ਐਸ ਪੀ ਯਾਦਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੱਲ੍ਹ ਧਾਰਾ 201 (ਅਪਰਾਧ ਦੇ ਸਬੂਤ ਗਾਇਬ ਕਰਨ) ਹੇਠ ਵੀਰੇਂਦਰ ਸ਼ੁਕਲਾ ਦਾ ਨਾਂਅ ਵੀ ਦੋਸ਼ ਪੱਤਰ ਵਿੱਚਪਾ ਦਿੱਤਾ ਗਿਆ। ਸ਼ੁਕਲਾ ਦੀ ਅਜੇ ਤਕ ਗ੍ਰਿਫ਼ਤਾਰੀ ਨਹੀਂ ਹੋਈ। ਯਾਦਵ ਨੇ ਦੱਸਿਆ ਕਿ ਸਾਰੇ 14 ਮੁਲਜ਼ਮਾਂ ਖ਼ਿਲਾਫ਼ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕਰ ਦਿੱਤਾ ਗਿਆ ਤੇ ਕਾਰਵਾਈ ਜਾਰੀ ਹੈ। ਦੱਸਣਯੋਗ ਹੈ ਕਿ ਬੀਤੇ ਸਾਲ ਤਿੰਨ ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ ਵਾਪਰੀ ਹਿੰਸਾ ਦੌਰਾਨ ਅੱਠ ਲੋਕਾਂਦੀ ਜਾਨ ਚਲੀ ਗਈ ਸੀ।

# ਤੇਲੰਗਾਨਾ ਦੀ ਭਾਜਪਾ ਦੇ ਪ੍ਰਧਾਨ ਨੂੰ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜਿਆ

ਹੈਦਰਾਬਾਦ, 4 ਜਨਵਰੀ (ਪੋਸਟ ਬਿਊਰੋ)- ਤਿਲੰਗਾਨਾ ਦੇ ਕਰੀਮਨਗਰ ਕਸਬੇ ਦੀ ਅਦਾਲਤ ਨੇ ਕੱਲ੍ਹ ਭਾਜਪਾ ਦੇ ਸੂਬਾ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਸੰਜੇ ਕੁਮਾਰ ਨੂੰ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਹੈ। ਉਸ ਉੱਤੇਬੀਤੇ ਐਤਵਾਰ ਰਾਤ ਰੋਸ ਪ੍ਰਦਰਸ਼ਨ, ਜਿਸ ਨੂੰ ਪੁਲਸ ਨੇ ਰੋਕ ਦਿੱਤਾ, ਦੇ ਦੌਰਾਨ ਪੁਲਸ ਉੱਤੇ ਹਮਲਾ ਕਰਨ ਤੇ ਆਫਤ ਪ੍ਰਬੰਧ ਕਾਨੂੰਨ (ਡੀ ਐਮ ਏ) ਦੀ ਉਲੰਘਣਾ ਕਰਨ ਦਾ ਦੋਸ਼ ਹੈ।

ਮੈਜਿਸਟਰੇਟ ਨੇ ਸੰਜੇ ਕੁਮਾਰ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਉਸਨੂੰ ਅਤੇ ਚਾਰ ਹੋਰ ਲੋਕਾਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ। ਬਾਅਦ



ਵਿੱਚ ਉਨ੍ਹਾਂ ਨੂੰ ਕਰੀਮਨਗਰ ਜ਼ਿਲ੍ਹਾ ਜੇਲ੍ਹ ਵਿੱਚ ਭੇਜਿਆ ਗਿਆ। ਇਸ ਤੋਂ ਪਹਿਲਾਂ ਸੰਜੇ ਕੁਮਾਰ ਨੂੰ ਕੱਲ੍ਹ ਸਵੇਰੇ ਕਰੀਮਨਗਰ ਕਸਬੇ ਦੇ ਪੁਲਸ ਟਰੇਨਿੰਗ ਸੈਂਟਰ ਵਿੱਚ ਰੱਖਿਆ ਗਿਆ ਤਾਂ ਉਥੇ ਭਾਜਪਾ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਪ੍ਰਦਰਸ਼ਨ ਕੀਤਾ। ਇਸ ਦੌਰਾਨ ਪੁਲਸ ਨੇ ਕੁਝ ਮੁਜ਼ਾਹਰਾਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਕਰੀਮਨਗਰ ਦੇ ਪੁਲਸ ਕਮਿਸ਼ਨਰ ਸੱਤਿਆ ਨਾਰ-ਾਇਣ ਦੇ ਮੁਤਾਬਕ ਇਸ ਬਾਰੇ ਦੋ ਥਾਣਿਆਂ ਵਿੱਚ ਦੋ ਵੱਖ-ਵੱਖ ਐਫ ਆਈ ਆਰਜ਼ ਦਰਜ ਕੀਤੀਆਂ ਗਈਆਂ ਹਨ।ਭਾਜਪਾ ਦੀ ਕੌਮੀ ਲੀਡਰਸ਼ਿਪ ਨੇ ਸੰਜੇ ਕੁਮਾਰ ਅਤੇ ਭਾਜਪਾ ਦੇ ਵਰਕਰਾਂ ਖਿਲਾਫ ਪੁਲਸ ਕਾਰਵਾਈ ਨੂੰ ਲੋਕਤੰਤਰ ਦੀ ਹੱਤਿਆ ਕਰਾਰ ਦਿੱਤਾ ਹੈ। ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਤਿਲੰਗਾਨਾ ਰਾਸ਼ਟਰੀ ਸਮਿਤੀ (ਟੀ ਐਮ ਸੀ) ਦੇ ਮੁਖੀ ਕੇ ਚੰਦਰਸ਼ੇਖਰ ਰਾਓ ਹਾਲ ਵਿੱਚ ਹੀ ਹਜ਼ੂਰਾਬਾਦ ਜ਼ਿਮਨੀ ਚੋਣ ਵਿੱਚ ਭਾਜਪਾ ਨੂੰ ਮਿਲੀ ਜਿੱਤ ਮਗਰੋਂ ਨਿਰਾਸ਼ਾ ਕਾਰਨ ਭੜਾਸ ਕੱਢ ਰਹੇ ਹਨ।

# ਉੱਘੇ ਰਿਐਲਟਰ ਡਾ. ਲਛਮਣ ਸਿੰਘ ਬਰਾੜ ਪੰਜਗਰਾਈ ਕਲਾਂ ਦਾ ਦੇਹਾਂਤ

### * ਅੰਤਿਮ ਰਸਮਾਂ 6 ਜਨਵਰੀ ਨੂੰ ਬਰੈਂਪਟਨ ’ਚ

ਟੋਰਾਂਟੋ, 4 ਜਨਵਰੀ (ਗਿਆਨ ਸਿੰਘ)- ਪਿੰਡ ਪੰਜਗਰਾਈਂ ਕਲਾਂ, ਜਿਲਾ ਫਰੀਦਕੋਟ ਦੇ ਜੰਮਪਲ, ਮਹਿਕਮਾ ਖੇਤੀਬਾੜੀ ਦੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਸਰਦਾਰ ਲਛਮਣ ਸਿੰਘ ਬਰਾੜ ਨਵੇਂ ਸਾਲ ਵਾਲੀ ਰਾਤ ਕੈਨੇਡਾ ਦੇ ਸ਼ਹਿਰ ਟਰਾਂਟੋ ’ਚ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ । ਉਨ੍ਹਾਂ ਦਾ ਅੰਤਿਮ ਸਸਕਾਰ 6 ਜਨਵਰੀ ਨੂੰ ਦੁਪਹਿਰ 1 ਵਜੇ ਤੋਂ ਦੁਪਹਿਰ 3 ਵਜੇ ਤੱਕ ਬਰੈਂਪਟਨ ਸ਼ਮਸ਼ਾਨਘਾਟ ਅਤੇ ਵਿਜ਼ੀਟੇਸ਼ਨ ਸੈਂਟਰ (30 ਭਰਅੱਮਨਿ ਛਟ।, ਭਰਅਮਪਟੋਨ,ੋਂ;. 6ਠ 5ਘ2) ਵਿਖੇ ਕੀਤਾ ਜਾਵੇਗਾ।



6 ਜਨਵਰੀ ਨੂੰ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ ਓਨਟਾਰੀਓ ਖਾਲਸਾ ਦਰਬਾਰ (ਡਿਕਸੀ ਗੁਰੂਦੁਆਰਾ 7080 ਡਿਕਸੀ ਰੋਡ, ਮਿਸੀਸਾਗਾ,. 5ੲ ਓ7) ਵਿਖੇ ਅੰਤਮ ਅਰਦਾਸ ਕੀਤੀ ਜਾਵੇਗੀ। ਦੁੱਖ ਸਾਂਝਾਂ ਕਰਨ ਲਈ ਬਰਿੰਦਰਪਾਲ ਸਿੰਘ ਬਰਾੜ 647-294-9807, ਅਰਵਿੰਦਰਪਾਲ ਬਰਾੜ 647-885-9119 ਤੇ ਟਹਿਲ ਸਿੰਘ ਬਰਾੜ ਨਾਲ 905-782-2013 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਤਾਲਿਬਾਨ ਨੇ ਅਫਗਾਨ ਔਰਤਾਂ ਦੇ ਹਮਾਮ ਜਾਣ ਉਤੇ ਵੀ ਪਾਬੰਦੀ ਲਾਈ

ਕਾਬੁਲ, 4 ਜਨਵਰੀ (ਪੋਸਟ ਬਿਊਰੋ)- ਅਫਗਾਨੀ ਔਰਤਾਂ ਉੱਤੇ ਪਾਬੰਦੀ ਦੀ ਅਗਲੀ ਕੜੀ ਵਿੱਚ ਤਾਲਿਬਾਨ ਨੇ ਹਮਾਮ ਵਿੱਚ ਜਾਣ ਉੱਤੇ ਰੋਕ ਲਾ ਦਿੱਤੀ ਹੈ। ਉਤਰੀ ਅਫਗਾਨਿਸਤਾਨ ਦੇ ਬਲਖ ਤੇ ਉਜ਼ਬੇਕਿਸਤਾਨ ਦੀਆਂ ਸਰਹੱਦਾਂ ਨਾਲ ਦੇ ਇਸ ਇਲਾਕੇ ਵਿੱਚ ਜਨਤਕ ਇਸ਼ਨਾਨ ਘਰਾਂ ਵਿੱਚ ਆਉਣ ਉੱਤੇ ਪਾਬੰਦੀ ਹੋਵੇਗੀ।

ਮੁਸਲਿਮ ਜਗਤ ਵਿੱਚ ਪੁਰਾਣੇ ਸਮੇਂ ਤੋਂ ਹਮਾਮ ਦਾ ਰੁਝਾਨ ਹੈ ਜਿਸ ਵਿੱਚ ਔਰਤਾਂ ਵੀ ਸ਼ਾਮਲ ਹੁੰਦੀਆਂ ਹਨ, ਪਰ ਇਸਲਾਮੀ ਸਿੱਖਿਆਵਾਂ ਦੇ ਨਾਂਅ ਉੱਤੇ ਉਨ੍ਹਾਂ ਨੂੰ ਇਸ ਤੋਂ ਰੋਕਿਆ ਗਿਆ ਹੈ।ਤਾਲਿਬਾਨ ਮੁਤਾਬਕ ਧਾਰਮਿਕ ਵਿਦਵਾਨਾਂ ਨੇ ਇਕਮਤ ਹੋ ਕੇ ਇਹ ਫੈਸਲਾ ਲਿਆ ਹੈ। ਅਫਗਾਨੀ ਔਰਤਾਂ ਨਹਾਉਣ ਲਈ ਸਿਰਫ ਬਾਥਰੂਮ ਹੀ ਵਰਤ ਸਕਣਗੀਆਂ, ਕਿਉਂਕਿ ਉਨ੍ਹਾਂ ਨੂੰ ਇਸਲਾਮੀ ਹਿਜਾਬ ਦੀ ਪਾਲਣਾ ਕਰਨੀ ਪਵੇਗੀ, ਜੋ ਹਮਾਮ ਵਿੱਚ ਮੁਮਕਿਨ ਨਹੀਂ ਹੋਣੀ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਕਿਉਂਕਿ ਹਰ ਘਰ ਵਿੱਚ ਆਧੁਨਿਕ ਬਾਥਰੂਮ ਨਹੀਂ, ਇਸ ਲਈ ਪੁਰਸ਼ਾਂ ਨੂੰ ਹਮਾਮ ਵਿੱਚ ਜਾਣ ਦੀ ਛੋਟ ਮਿਲੇਗੀ, ਪਰ ਹਿਜਾਬ ਦੀ ਪਾਲਣਾ ਕਾਰਨ ਔਰਤਾਂ ਨੂੰ ਨਿੱਜੀ ਬਾਥਰੂਮ ਦੀ ਵਰਤੋਂ ਕਰਨੀ ਪਵੇਗੀ। ਇਸ ਤੋਂ ਇਲਾਵਾ ਘੱਟ ਉਮਰ ਦੇ ਲੜਕੀਆਂ ਨੂੰ ਵੀ ਹਮਾਮ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਉਨ੍ਹਾਂ ਦੇ ਬਾਡੀ ਮਸਾਜ ਕਰਵਾਉਣ ਉੱਤੇ ਵੀ ਰੋਕ ਰਹੇਗੀ। ਇਸ ਤੋਂ ਪਹਿਲਾਂ ਔਰਤਾਂ ਦੇ ਬਿਊਟੀ ਪਾਰਲਰ ਵੀ ਬੰਦ ਕਰ ਦਿੱਤੇ ਗਏ ਸਨ। ਇਸ ਤੋਂ ਇਲਾਵਾ ਸਰਕਾਰੀ ਤੇ ਨਿੱਜੀ ਨੌਕਰੀਆਂ ਤੋਂ ਔਰਤਾਂ ਨੂੰ ਹਟਾ ਦਿੱਤਾ ਗਿਆ।

ਦੂਜੇ ਪਾਸੇ ਪਾਕਿਸਤਾਨ ਨੇ ਤਾਲਿਬਾਨ ਸ਼ਾਸਨ ਵੱਲੋਂ ਅਫਗਾਨਿਸਤਾਨ ਨਾਲ ਦੀ ਸਰਹੱਦ ਉੱਤੇ ਉਨ੍ਹਾਂ ਦੇ ਫੌਜੀਆਂ ਵੱਲੋਂ ਵਾੜ ਹਟਾਉਣ ਦੀਆਂ ਘਟਨਾਵਾਂ ਉੱਤੇ ਚਿੰਤਾ ਪ੍ਰਗਟਾਈ ਹੈ। ਪਾਕਿਸਤਾਨ ਨੇ ਸੰਜਮ ਵਰਤਦੇ ਹੋਏ ਆਪਣੀ ਚਿੰਤਾ ਜ਼ਾਹਰ ਕੀਤੀ ਹੈ ਤਾਂ ਕਿ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿੱਚ ਤਣਾਅ ਨਾ ਹੋਵੇ। ਗੈਰ ਰਸਮੀ ਤੌਰ ਉੱਤੇ ਪਾਕਿਸਤਾਨ ਨੇ ਕਿਹਾ ਕਿ ਕਈ ਹਫਤਿਆਂ ਤੋਂ ਪਾਕਿਸਤਾਨ-ਅਫਗਾਨਿਸਤਾਨ ਸਰਹੱਦ ਉੱਤੇ ਸਥਾਨਕ ਤਾਲਿਬਾਨ ਨੇ ਪਾਕਿਸਤਾਨ ਵੱਲੋਂ ਲਾਈ ਗਈ ਵਾੜ ਨੂੰ ਹਟਾ ਦਿੱਤਾ ਹੈ। ਅਜਿਹੀ ਪਹਿਲੀ ਘਟਨਾ 18 ਦਸੰਬਰ ਨੂੰ ਹੋਈ ਸੀ।

ਤੀਸਰੇ ਪਾਸੇ ਈਰਾਨ ਨੇ ਕਿਹਾ ਕਿ ਉਹ ਤਾਲਿਬਾਨ ਸਰਕਾਰ ਨੂੰ ਉਦੋਂ ਤੱਕ ਮਾਨਤਾ ਨਹੀਂ ਦੇਵੇਗਾ ਜਦੋਂ ਤਕ ਕਿ ਅਫਗਾਨਿਸਤਾਨ ਵਿੱਚ ਮਿਲੀ-ਜੁਲੀ ਸਰਕਾਰ ਨਹੀਂ ਬਣਾਈ ਜਾਂਦੀ। ਈਰਾਨ ਦੇ ਰਾਜਦੂਤ ਬਹਾਦੁਰ ਅਮੀਨੀਅਨ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਮੁਮਕਿਨ ਹੈ ਕਿ ਈਰਾਨ ਹੋਰ ਦੇਸ਼ਾਂ ਨੂੰ ਵੀ ਅਫਗਾਨਿਸਤਾਨ ਦੀ ਇਸਲਾਮਕ ਅਮੀਰਾਤ ਸਰਕਾਰ ਨੂੰ ਮਾਨਤਾ ਦੇਣ ਤੋਂ ਮਨ੍ਹਾ ਕਰੇ, ਉਹ ਇਸ ਸਰਕਾਰ ਵਿੱਚ ਸਾਰੇ ਤਬਕਿਆਂ ਨੂੰ ਸ਼ਾਮਲ ਕੀਤੇ ਜਾਣ ਤਕ ਇਸ ਦਾ ਸਮਰਥਨ ਨਹੀਂ ਕਰੇਗਾ। ਜੇ ਸੱਤਾਧਾਰੀ ਵਰਗ ਵਿੱਚ ਸਿਰਫ ਇੱਕੋ ਮੂਲ ਦੇ ਲੋਕਾਂ ਨੂੰ ਸ਼ਾਮਲ ਕੀਤਾ ਜਾਵੇ ਤਾਂ ਉਹ ਠੀਕ ਨਹੀਂ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਤਾਲਿਬਾਨ ਸ਼ਾਸਕਾਂ ਵਿੱਚ ਜ਼ਿਆਦਾਤਰ ਲੋਕ ਹਜ਼ਾਰਾ ਵਰਗ ਦੇ ਹਨ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲੈਂਗਾ, ਅਤੇ ਕੋਈ ਵੀ ਡੀਜ਼ਾਈਨਰ ਸੂਟ ਸਵੌਣ ਲਈ ਸੰਪਰਕ ਕਰੋ:

01191-9779100149



# ਕੀ ਤੁਸੀਂ ਕਰਜ਼ੇ ਵਿੱਚ ਹੋ?



ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ

ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- Collection Calls
- Personal Taxes
- GST/HST

- Credit Card Debts
- Personal Loans
- Pay Day Loans
- Student Loans

- Wage Garnishment
- Writ on your property
- Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- Save your Assets
- Avoid Bankruptcy
- Small monthly payments
- Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD


JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁੱਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD (MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017